ਬੁੱਧਵਾਰ, 4 ਅਕਤੂਬਰ, 2023
18 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 124

ਨਵਾਂ ਜ਼ਮਾਨਾ

DAILY NAWAN ZAMANA • WEDNESDAY, 4 OCTOBER, 2023
ਜਲੰਧਰ
nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਐਮਰਜੈਂਸੀ ਦੀ ਯਾਦ ਤਾਜ਼ਾ

ਨਿਊਜ਼ ਕਲਿੱਕ ਪੋਰਟਲ ਨਾਲ ਜੁੜੇ ਪੱਤਰਕਾਰਾਂ 'ਤੇ ਤਾਬੜਤੋੜ ਛਾਪੇ

ਨਵੀਂ ਦਿੱਲੀ : ਐਮਰਜੈਂਸੀ ਦੀ ਯਾਦ ਤਾਜ਼ਾ ਹੋ ਗਈ, ਜਦੋਂ ਦਿੱਲੀ ਪੁਲਸ ਨੇ ਮੰਗਲਵਾਰ ਸਵੇਰੇ ਕਈ ਨਾਮੀ ਪੱਤਰਕਾਰਾਂ 'ਤੇ ਛਾਪੇਮਾਰੀ ਕਰਕੇ ਉਨ੍ਹਾਂ ਦੇ ਮੋਬਾਇਲ, ਲੈਪਟਾਪ ਤੇ ਹੋਰ ਉਪਕਰਣ ਕਬਜ਼ੇ ਵਿਚ ਲੈ ਲਏ। ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਇਹ ਕਾਰਵਾਈ ਆਨਲਾਈਨ ਨਿਊਜ਼ ਪੋਰਟਲ ਨਿਊਜ਼ ਕਲਿੱਕ ਤੇ ਇਸ ਦੇ ਪੱਤਰਕਾਰਾਂ ਖਿਲਾਫ ਪੈਸੇ ਲੈ ਕੇ ਚੀਨ-ਪੱਖੀ ਪ੍ਰਾਪੇਗੰਡਾ ਕਰਨ ਦੇ ਦੋਸ਼ 'ਚ ਦਹਿਸ਼ਤਗਰਦੀ ਰੋਕਣ ਲਈ ਬਣਾਏ ਗਏ 'ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' (ਯੂ ਏ ਪੀ ਏ) ਤਹਿਤ ਨਵਾਂ ਕੇਸ ਦਰਜ ਕਰਕੇ ਕੀਤੀ। ਉਸ ਨੇ ਦਿੱਲੀ ਤੇ ਨਾਲ ਲਗਦੇ ਸ਼ਹਿਰਾਂ 'ਚ ਕਰੀਬ 30 ਥਾਵਾਂ 'ਤੇ ਛਾਪੇਮਾਰੀ ਕੀਤੀ।

ਉਰਮਿਲੇਸ਼ ਤੇ ਅਭਿਸਾਰ ਸ਼ਰਮਾ ਨੂੰ ਲੋਧੀ ਰੋਡ ਵਿਖੇ ਸਪੈਸ਼ਲ ਸੈੱਲ ਆਫਿਸ ਲਿਜਾਇਆ ਗਿਆ ਤੇ ਲਿਸਟ ਦੇਖ ਕੇ 25 ਸਵਾਲ ਕੀਤੇ ਗਏ। ਸੂਤਰ ਮੁਤਾਬਕ ਇਹ ਸਵਾਲ ਵਿਦੇਸ਼ੀ ਦੌਰਿਆਂ, ਸ਼ਾਹੀਨ ਬਾਗ ਪ੍ਰੋਟੈੱਸਟ, ਦਿੱਲੀ ਦੀਆਂ ਬਰੂਹਾਂ 'ਤੇ ਹੋਏ ਕਿਸਾਨ ਅੰਦੋਲਨ ਤੇ ਹੋਰ ਮਾਮਲਿਆਂ ਨਾਲ ਸੰਬੰਧਤ ਸਨ।

ਨਿਊਜ਼ ਕਲਿੱਕ ਦੇ ਬਾਨੀ ਤੇ ਐਡੀਟਰ-ਇਨ-ਚੀਫ ਪ੍ਰਬੀਰ ਪੁਰਕਾਯਸਥ ਨੂੰ ਦੱਖਣੀ ਦਿੱਲੀ ਸਥਿਤ ਨਿਊਜ਼ ਕਲਿੱਕ ਦੇ ਦਫਤਰ ਤੋਂ ਚੁੱਕਿਆ ਗਿਆ। ਦਫਤਰ ਵਿਚ ਫਾਰੈਂਸਿਕ ਟੀਮ ਵੀ ਪੁੱਜੀ।

ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਜਾਂਚ ਏਜੰਸੀਆਂ ਆਜ਼ਾਦ ਹਨ ਤੇ ਕਾਨੂੰਨ ਮੁਤਾਬਕ ਕੰਮ ਕਰਦੀਆਂ ਹਨ।

ਅਧਿਕਾਰੀਆਂ ਨੇ ਕਿਹਾ ਕਿ ਪਹਿਲਾਂ ਈ ਡੀ ਨੇ ਪੋਰਟਲ ਨੂੰ ਮਿਲੇ ਫੰਡਾਂ ਦੀ ਜਾਂਚ ਕੀਤੀ ਸੀ ਤੇ ਹੁਣ ਸਪੈਸ਼ਲ ਸੈੱਲ ਉਸ ਤੋਂ ਮਿਲੇ ਇਨਪੁਟ ਦੇ ਆਧਾਰ 'ਤੇ ਕਾਰਵਾਈ ਕਰ ਰਿਹਾ ਹੈ।

ਪੱਤਰਕਾਰ ਅਭਿਸਾਰ ਸ਼ਰਮਾ ਨੂੰ ਨੋਇਡਾ ਐਕਸਟੈਨਸ਼ਨ ਸਥਿਤ ਉਸ ਦੇ ਘਰੋਂ ਚੁੱਕਿਆ ਗਿਆ। ਉਸ ਦੇ ਮੋਬਾਇਲ ਫੋਨ ਤੇ ਲੈਪਟਾਪ ਜ਼ਬਤ ਕਰ ਲਏ ਗਏ। ਦਿੱਲੀ ਪੁਲਸ ਦੇ ਸੂਤਰਾਂ ਨੇ ਕਿਹਾ ਕਿ ਇਹ ਛਾਪੇ ਯੂ ਏ ਪੀ ਏ ਅਤੇ ਤਾਜ਼ੀਰਾਤੇ ਹਿੰਦ ਦੀਆਂ ਹੋਰਨਾਂ ਧਰਾਵਾਂ ਤਹਿਤ ਅਗਸਤ ਵਿਚ ਦਰਜ ਕੇਸ ਦੇ ਸੰਬੰਧ ਵਿਚ ਮਾਰੇ ਗਏ। ਇਕ ਧਾਰਾ ਫਿਰਕਿਆਂ ਵਿਚਾਲੇ ਨਫਰਤ ਫੈਲਾਉਣ ਤੇ ਇਕ ਮੁਜਰਮਾਨਾ ਸਾਜ਼ਿਸ਼ ਦੀ ਵੀ ਲਾਈ ਗਈ ਹੈ। ਪੁਲਸ ਨੇ ਜਿਨ੍ਹਾਂ ਹੋਰਨਾਂ 'ਤੇ ਛਾਪੇ ਮਾਰੇ, ਉਨ੍ਹਾਂ ਵਿੱਚ ਉੱਘੇ ਪੱਤਰਕਾਰ ਪਰੰਜੋਏ, ਪੱਤਰਕਾਰ ਭਾਸ਼ਾ ਸਿੰਘ, ਇਤਿਹਾਸਕਾਰ ਸੋਹੇਲ ਹਾਸ਼ਮੀ, ਵਿਅੰਗਕਾਰ ਸੰਜੇ ਰਾਜੌਰਾ, ਪੱਤਰਕਾਰ ਔਨਿੰਦਯੋ ਚੱਕਰਵਰਤੀ, ਪੱਤਰਕਾਰ ਅਰਿਤਰੀ ਵੀ ਸ਼ਾਮਲ ਹਨ।

ਅਮਰੀਕੀ ਅਖਬਾਰ 'ਦੀ ਨਿਊ ਯਾਰਕ ਟਾਈਮਜ਼' ਨੇ ਰਿਪੋਰਟ ਛਾਪੀ ਸੀ ਕਿ ਨਿਊਜ਼ ਕਲਿੱਕ ਨੂੰ ਅਰਬਪਤੀ ਨੇਵਿਲ ਰਾਇ ਸਿੰਘਮ ਨੇ ਪੈਸੇ ਦੇ ਕੇ ਚੀਨ ਪੱਖੀ ਪ੍ਰਚਾਰ ਕਰਵਾਇਆ। ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਕਿਹਾ ਕਿ ਇਹ ਛਾਪੇ ਬਿਹਾਰ ਵਿਚ ਜਨਗਣਨਾ ਦੇ ਸਾਹਮਣੇ ਆਏ ਨਤੀਜਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਹਨ। ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਟਵੀਟ ਕੀਤਾ—ਛਾਪੇ ਹਾਰਦੀ ਭਾਜਪਾ ਦੀ ਨਿਸ਼ਾਨੀ ਹੈ। ਇਹ ਕੋਈ ਨਵੀਂ ਗੱਲ ਨਹੀਂ। ਇਮਾਨਦਾਰ ਖਬਰ ਨਵੀਸਾਂ 'ਤੇ ਭਾਜਪਾਈ ਹੁਕਮਰਾਨਾਂ ਨੇ ਹਮੇਸ਼ਾ ਛਾਪੇ ਮਾਰੇ ਹਨ। ਆਮ ਆਦਮੀ ਪਾਰਟੀ ਦੀ ਤਰਜਮਾਨ ਪ੍ਰਿਅੰਕਾ ਕੱਕੜ ਨੇ ਕਿਹਾ ਕਿ ਮੋਦੀ ਸਰਕਾਰ ਚੀਨ ਨਾਲ ਲੜਦੀ ਦਿਖਾਉਣ ਲਈ ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਰਹੀ ਹੈ, ਕਿਉਂਕਿ ਚੀਨ ਨੂੰ ਸਿੱਧਾ ਟਕਰਨ ਦਾ ਇਸ ਵਿਚ ਹੌਸਲਾ ਨਹੀਂ।

ਮੀਡੀਆ 'ਤੇ ਲਗਾਮ ਲਾਉਣ ਦੀ ਇਕ ਹੋਰ ਕੋਸ਼ਿਸ਼

ਨਵੀਂ ਦਿੱਲੀ : ਸੰਪਾਦਕਾਂ ਦੀ ਜਥੇਬੰਦੀ ਐਡੀਟਰਜ਼ ਗਿਲਡ ਆਫ ਇੰਡੀਆ ਨੇ ਨਿਊਜ਼ ਕਲਿੱਕ ਤੇ ਇਸ ਨਾਲ ਜੁੜੇ ਪੱਤਰਕਾਰਾਂ ਤੇ ਲੇਖਕਾਂ 'ਤੇ ਛਾਪਿਆਂ 'ਤੇ ਚਿੰਤਾ ਪ੍ਰਗਟਾਉਂਦਿਆਂ ਇਸ ਨੂੰ ਮੀਡੀਆ 'ਤੇ ਲਗਾਮ ਲਾਉਣ ਦੀ ਇਕ ਹੋਰ ਕੋਸ਼ਿਸ਼ ਕਰਾਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਜੇ ਸੱਚ ਵਿਚ ਅਪਰਾਧ ਹੋਇਆ ਹੈ ਤਾਂ ਕਾਨੂੰਨ ਆਪਣਾ ਕੰਮ ਕਰੇ, ਪਰ ਉਚਿਤ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਏ। ਕਿਸੇ ਖਾਸ ਅਪਰਾਧ ਦੀ ਜਾਂਚ ਵਿਚ ਬੇਹੱਦ ਸਖਤ ਕਾਨੂੰਨਾਂ ਦਾ ਸਹਾਰਾ ਲੈ ਕੇ ਡਰਾਉਣ-ਧਮਕਾਉਣ ਦਾ ਮਾਹੌਲ ਨਹੀਂ ਬਣਾਉਣਾ ਚਾਹੀਦਾ ਜਾਂ ਫਿਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਤੇ ਅਲੋਚਨਾਤਮਕ ਆਵਾਜ਼ਾਂ ਚੁੱਕਣ 'ਤੇ ਰੋਕ ਨਹੀਂ ਲਾਉਣੀ ਚਾਹੀਦੀ। ਗਿਲਡ ਨੇ ਕਿਹਾ—ਅਸੀਂ ਸਰਕਾਰ ਨੂੰ ਇਕ ਸਰਗਰਮ ਜਮਹੂਰੀਅਤ ਵਿਚ ਆਜ਼ਾਦ ਮੀਡੀਆ ਦੇ ਮਹੱਤਵ ਦੀ ਯਾਦ ਦਿਵਾਉਣਾ ਚਾਹੁੰਦੇ ਹਾਂ ਅਤੇ ਇਹ ਅਪੀਲ ਕਰਦੇ ਹਾਂ ਕਿ ਚੌਥੇ ਥੰਮ੍ਹ ਦਾ ਸਨਮਾਨ ਤੇ ਇਸ ਦੀ ਸੁਰੱਖਿਆ ਕੀਤੀ ਜਾਵੇ।

ਪੱਤਰਕਾਰ ਕਦੋਂ ਦੁਸ਼ਮਣ ਹੋ ਗਏ : ਸਰਦੇਸਾਈ

ਉੱਘੇ ਪੱਤਰਕਾਰ ਰਾਜਦੀਪ ਸਰਦੇਸਾਈ ਨੇ ਇਸ ਕਾਰਵਾਈ 'ਤੇ ਸਵਾਲ ਉਠਾਉਂਦਿਆਂ ਟਵੀਟ ਕੀਤਾ—ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਨਿਊਜ਼ ਕਲਿੱਕ ਵੈੱਬਸਾਈਟ ਨਾਲ ਜੁੜੇ ਕਈ ਪੱਤਰਕਾਰਾਂ/ ਲੇਖਕਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਹੈ। ਮੋਬਾਇਲ ਤੇ ਲੈਪਟਾਪ ਲੈ ਗਏ। ਪੁੱਛਗਿੱਛ ਜਾਰੀ ਹੈ। ਅਜੇ ਤੱਕ ਕੋਈ ਵਾਰੰਟ/ ਐੱਫ ਆਈ ਆਰ ਨਹੀਂ ਦਿਖਾਈ ਗਈ। ਜਮਹੂਰੀਅਤ ਵਿਚ ਪੱਤਰਕਾਰ ਕਦ ਤੋਂ ਰਾਜ ਦੇ ਦੁਸ਼ਮਣ ਬਣ ਗਏ?

ਅਪ੍ਰੇਸ਼ਨ ਬਲੰਡਰ

ਨਵੀਂ ਦਿੱਲੀ : ਜਨਤਾ ਪਾਰਟੀ ਦੇ ਰਾਜ ਦੌਰਾਨ 3 ਅਕਤੂਬਰ 1977 ਨੂੰ ਸੀ ਬੀ ਆਈ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਚੋਣ ਪ੍ਰਚਾਰ ਦੌਰਾਨ ਜੀਪ ਖਰੀਦ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚੋਂ ਘਰੋਂ ਗ੍ਰਿਫਤਾਰ ਕੀਤਾ ਸੀ। ਉਦੋਂ ਮੁਰਾਰਜੀ ਦੇਸਾਈ ਪ੍ਰਧਾਨ ਮੰਤਰੀ ਤੇ ਚਰਨ ਸਿੰਘ ਗ੍ਰਹਿ ਮੰਤਰੀ ਸਨ। ਇੰਦਰਾ ਨੂੰ ਗ੍ਰਿਫਤਾਰੀ ਦਾ ਨੁਕਸਾਨ ਨਹੀਂ, ਫਾਇਦਾ ਹੋਇਆ ਸੀ। ਜਨਤਾ ਪਾਰਟੀ ਦੀ ਇਸ ਸਿਆਸੀ ਭੁੱਲ ਨੂੰ ਅਪ੍ਰੇਸ਼ਨ ਬਲੰਡਰ ਕਿਹਾ ਜਾਂਦਾ ਹੈ।

ਰਾਜਪਾਲ ਨੂੰ ਕਰਜ਼ੇ ਤੇ ਖਰਚ ਦਾ ਹਿਸਾਬ ਦੇ ਕੇ ਮਾਨ ਨੇ ਕਿਹਾ—ਹੁਣ ਦਿਵਾਓ ਕੇਂਦਰ ਤੋਂ 5630 ਕਰੋੜ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਵੱਲੋਂ 50,000 ਕਰੋੜ ਦੇ ਕਰਜ਼ੇ ਦੀ ਵਰਤੋਂ ਬਾਰੇ ਮੰਗਿਆ ਗਿਆ ਜਵਾਬ ਦੇ ਦਿੱਤਾ ਹੈ। ਉਨ੍ਹਾ ਰਾਜਪਾਲ ਨੂੰ ਤਿੰਨ ਪੰਨਿਆਂ ਦੇ ਪੱਤਰ 'ਚ ਸਾਰੀ ਜਾਣਕਾਰੀ ਦਿੱਤੀ ਹੈ ਕਿ ਕਿਸ ਚੀਜ਼ 'ਤੇ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ। ਇਹ ਵੀ ਦੱਸਿਆ ਕਿ ਪਿਛਲੀ ਸਰਕਾਰ ਨੇ ਕਰਜ਼ੇ ਤੇ ਸਬਸਿਡੀ ਦੇ ਕਿੰਨੇ ਪੈਸੇ ਵਾਪਸ ਨਹੀਂ ਕੀਤੇ ਸਨ, ਜੋ ਉਨ੍ਹਾ ਦੀ ਸਰਕਾਰ ਨੇ ਵਾਪਸ ਕਰ ਦਿੱਤੇ ਹਨ। ਰਾਜਪਾਲ ਨੂੰ ਇਹ ਵੀ ਕਿਹਾ ਹੈ ਕਿ ਹੁਣ ਕੇਂਦਰ ਸਰਕਾਰ ਵੱਲੋਂ ਰੋਕੇ ਗਏ 5630 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਲੈ ਕੇ ਦਿਓ। ਮੁੱਖ ਮੰਤਰੀ ਨੇ ਰਾਜਪਾਲ ਨੂੰ ਦੱਸਿਆ ਕਿ 1 ਅਪ੍ਰੈਲ 2022 ਤੋਂ 31 ਅਗਸਤ 2023 ਤੱਕ 47107 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਇਸ ਵਿਚ ਨਾਬਾਰਡ ਦਾ ਕਰਜ਼ਾ ਵੀ ਸ਼ਾਮਲ ਹੈ, ਜੋ ਭਾਰਤ ਸਰਕਾਰ ਵੱਲੋਂ ਸੂਬਿਆਂ ਨੂੰ ਵਿਸ਼ੇਸ਼ ਸਹਾਇਤਾ ਵਜੋਂ ਦਿੱਤਾ ਜਾਂਦਾ ਹੈ।

ਲਏ ਕਰਜ਼ ਤੇ ਖਰਚ ਦਾ ਵੇਰਵਾ

1 ਅਪ੍ਰੈਲ 2022 ਤੋਂ 31 ਮਾਰਚ 2023 ਤੱਕ ਲਿਆ ਗਿਆ ਕਰਜਾ : 32447.12 ਕਰੋੜ ਰੁਪਏ, ਵਿਆਜ 19905 ਕਰੋੜ, ਪੂੰਜੀ ਖਰਚ 8435 ਕਰੋੜ ਰੁਪਏ, ਪਿਛਲੀਆਂ ਸਰਕਾਰਾਂ ਦੇ ਬਕਾਏ : ਪਨਸਪ ਦਾ ਬੇਲਆਊਟ (ਸੰਕਟ ਵਿੱਚੋਂ ਕੱਢਣਾ) 350 ਕਰੋੜ, ਪੀ ਐੱਸ ਸੀ ਏ ਡੀ ਬੀ ਦਾ ਬੇਲਆਊਟ 798 ਕਰੋੜ, ਆਰ ਡੀ ਐੱਫ ਦਾ ਬੇਲਆਊਟ 300 ਕਰੋੜ, ਬਿਜਲੀ ਸਬਸਿਡੀ ਦੇ ਬਕਾਏ 1804 ਕਰੋੜ, ਸਿੰਕਿੰਗ ਫੰਡ ਵਿਚ ਨਿਵੇਸ਼ 3000 ਕਰੋੜ, ਗੰਨਾ ਕਿਸਾਨਾਂ ਦੇ ਬਕਾਏ 724 ਕਰੋੜ, ਕੇਂਦਰੀ ਸਕੀਮਾਂ ਦੇ ਬਕਾਏ 1750 ਕਰੋੜ (ਕੁਲ 37066 ਕਰੋੜ)।

1 ਅਪ੍ਰੈਲ 2023 ਤੋਂ 31 ਅਗਸਤ 2023 ਤੱਕ ਪਿਛਲੀਆਂ ਸਰਕਾਰਾਂ ਦੇ ਬਕਾਏ 11464 ਕਰੋੜ।

ਮੁੱਖ ਮੰਤਰੀ ਨੇ ਕਿਹਾ ਕਿ ਲਏ ਗਏ ਕੁਲ ਕਰਜ਼ੇ 'ਚੋਂ 27016 ਕਰੋੜ ਰੁਪਏ ਪਿਛਲੀਆਂ ਸਰਕਾਰਾਂ ਵੱਲੋਂ ਲਏ ਗਏ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ਕਰਨ 'ਚ ਹੀ ਖਰਚ ਕੀਤੇ ਗਏ ਹਨ, ਜਦੋਂਕਿ ਅਸੀਂ ਕਰਜ਼ਾ ਲੈ ਕੇ ਨਾ ਸਿਰਫ ਉਨ੍ਹਾਂ ਨੂੰ ਮੋੜਿਆ ਹੈ, ਸਗੋਂ ਆਪਣੀ ਆਮਦਨ ਦੇ ਸਰੋਤ ਵੀ ਵਧਾਏ ਹਨ, ਜਦੋਂਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਖਰਚੇ ਵਾਪਸ ਨਹੀਂ ਕੀਤੇ। ਅਸੀਂ ਸੂਬੇ ਦੀ ਆਮਦਨ ਵਧਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਾਂ।

ਰਾਜਪਾਲ ਨੂੰ ਲਿਖੇ ਪੱਤਰ 'ਚ ਮੁੱਖ ਮੰਤਰੀ ਨੇ ਸੂਬਾ ਸਰਕਾਰ ਦੀ ਆਮਦਨ 'ਚ ਵਾਧੇ ਬਾਰੇ ਵੀ ਵੇਰਵੇ ਦਿੰਦਿਆਂ ਕਿਹਾ ਕਿ ਸਾਲ 2022-23 'ਚ ਜੀ ਐਸ ਟੀ 18128 ਕਰੋੜ ਰੁਪਏ ਸੀ, ਜੋ ਸਾਲ 2021-22 'ਚ 15542 ਕਰੋੜ ਰੁਪਏ ਸੀ, ਯਾਨੀ 16.6 ਫੀਸਦੀ ਦੀ ਦਰ ਨਾਲ 2586 ਕਰੋੜ ਰੁਪਏ ਵਧਾਏ ਗਏ ਸਨ। ਇਸੇ ਤਰ੍ਹਾਂ ਆਬਕਾਰੀ ਤੋਂ 8437 ਕਰੋੜ ਰੁਪਏ ਇਕੱਠੇ ਕੀਤੇ ਗਏ, ਜਦੋਂਕਿ ਇਸ ਤੋਂ ਇਕ ਸਾਲ ਪਹਿਲਾਂ ਸਿਰਫ 6157 ਕਰੋੜ ਰੁਪਏ ਇਕੱਠੇ ਹੋਏ ਸਨ, ਯਾਨੀ ਸਾਡੀ ਸਰਕਾਰ ਨੇ 37 ਫੀਸਦੀ ਦੀ ਦਰ ਨਾਲ 2280 ਕਰੋੜ ਰੁਪਏ ਹੋਰ ਇਕੱਠੇ ਕੀਤੇ। ਵਾਹਨਾਂ 'ਤੇ ਟੈਕਸ ਤੋਂ 2674 ਕਰੋੜ ਰੁਪਏ ਪ੍ਰਾਪਤ ਹੋਏ, ਜਦਕਿ ਇਸ ਤੋਂ ਪਹਿਲਾਂ ਇਹ ਆਮਦਨ 2359 ਕਰੋੜ ਰੁਪਏ ਸੀ। ਮਤਲਬ 13 ਫੀਸਦੀ ਦਾ ਵਾਧਾ ਹੋਇਆ। ਸਟੈਂਪ ਪੇਪਰ ਅਤੇ ਰਜਿਸਟ੍ਰੇਸ਼ਨ ਤੋਂ 4227 ਕਰੋੜ ਰੁਪਏ ਇਕੱਠੇ ਹੋਏ, ਜੋ ਪਿਛਲੇ ਸਾਲ ਨਾਲੋਂ 919 ਕਰੋੜ ਰੁਪਏ ਵੱਧ ਹਨ।

ਮਹਿਲਾ ਹਾਕੀ 'ਚ ਵੀ ਭਾਰਤ ਸੈਮੀਫਾਈਨਲ 'ਚ

ਹਾਂਗਜ਼ੂ : ਤਜਰਬੇਕਾਰ ਸਟ੍ਰਾਈਕਰ ਵੰਦਨਾ ਕਟਾਰੀਆ, ਉਪ ਕਪਤਾਨ ਦੀਪ ਗ੍ਰੇਸ ਇੱਕਾ ਅਤੇ ਦੀਪਿਕਾ ਦੀ ਹੈਟ੍ਰਿਕ ਨਾਲ ਭਾਰਤ ਆਖਰੀ ਪੂਲ ਮੈਚ 'ਚ ਮੰਗਲਵਾਰ ਹਾਂਗਕਾਂਗ ਨੂੰ 13-0 ਨਾਲ ਹਰਾ ਕੇ ਏਸ਼ੀਆਈ ਖੇਡਾਂ ਦੇ ਮਹਿਲਾ ਹਾਕੀ ਮੁਕਾਬਲੇ ਦੇ ਸੈਮੀਫਾਈਨਲ 'ਚ ਪੁੱਜ ਗਿਆ। ਭਾਰਤ ਚਾਰ ਮੈਚਾਂ 'ਚ 10 ਅੰਕਾਂ ਨਾਲ ਪੂਲ ਏ 'ਚ ਸਿਖਰ 'ਤੇ ਰਿਹਾ। ਦੱਖਣੀ ਕੋਰੀਆ ਦੇ 7 ਅੰਕ ਹਨ, ਪਰ ਉਸ ਦਾ ਇੱਕ ਮੈਚ ਬਾਕੀ ਹੈ। ਭਾਰਤ ਦੀ ਗੋਲ ਔਸਤ ਦੱਖਣੀ ਕੋਰੀਆ ਨਾਲੋਂ ਕਾਫੀ ਬਿਹਤਰ ਹੈ। ਆਖਰੀ ਪੂਲ ਮੈਚ 'ਚ ਕੋਰੀਆ ਦਾ ਸਾਹਮਣਾ ਮਲੇਸ਼ੀਆ ਨਾਲ ਹੋਵੇਗਾ। ਭਾਰਤ ਦੇ ਸਟਾਰ ਬੈਡਮਿੰਟਨ ਖਿਡਾਰੀ ਐੱਚ ਐੱਸ ਪ੍ਰਣਯ ਅਤੇ ਪੀ ਵੀ ਸਿੰਧੂ ਸਿੰਗਲ ਵਰਗ ਦੇ ਪ੍ਰੀ-ਕੁਆਰਟਰ ਫਾਈਨਲ 'ਚ ਪਹੁੰਚ ਗਏ ਹਨ।

ਪ੍ਰਣਯ ਨੇ ਮੰਗੋਲੀਆ ਦੇ ਬਤਦਾਵਾ ਮੁੰਖਬਾਤ ਨੂੰ 21- 9, 21-12 ਨਾਲ ਹਰਾਇਆ। ਪਿੱਠ ਦੀ ਸੱਟ ਕਾਰਨ ਪ੍ਰਣਯ ਪੁਰਸ਼ ਟੀਮ ਚੈਂਪੀਅਨਸ਼ਿਪ ਦਾ ਫਾਈਨਲ ਨਹੀਂ ਖੇਡ ਸਕਿਆ। ਸਿੰਧੂ ਨੇ ਚੀਨੀ ਤਾਇਪੇ ਦੀ ਵੇਈ ਚੀ ਸੂ ਨੂੰ 21-10, 21-15 ਨਾਲ ਹਰਾਇਆ। ਸਲਾਮੀ ਬੱਲੇਬਾਜ਼ ਯਸ਼ਸਵੀ ਜੈਸਵਾਲ ਦੇ ਸੈਂਕੜੇ ਅਤੇ ਰਵੀ ਬਿਸ਼ਨੋਈ ਦੀ ਅਗਵਾਈ ਵਿਚ ਸਪਿੰਨਰਾਂ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ ਭਾਰਤ ਨੇਪਾਲ ਨੂੰ 23 ਦੌੜਾਂ ਨਾਲ ਹਰਾ ਕੇ ਪੁਰਸ਼ ਟੀ-20 ਕ੍ਰਿਕਟ ਟੂਰਨਾਮੈਂਟ ਦੇ ਸੈਮੀਫਾਈਨਲ ਵਿਚ ਪੁੱਜ ਗਿਆ। ਜੈਸਵਾਲ ਨੇ 49 ਗੇਂਦਾਂ 'ਚ 8 ਚੌਕਿਆਂ ਅਤੇ 7 ਛੱਕਿਆਂ ਦੀ ਮਦਦ ਨਾਲ 100 ਦੌੜਾਂ ਬਣਾਈਆਂ। ਚਾਰ ਵਿਕਟਾਂ 'ਤੇ 202 ਦੌੜਾਂ ਬਣਾਉਣ ਤੋਂ ਬਾਅਦ ਭਾਰਤ ਨੇ ਨੇਪਾਲ ਦੀ ਪਾਰੀ ਨੂੰ 9 ਵਿਕਟਾਂ 'ਤੇ 179 ਦੌੜਾਂ 'ਤੇ ਰੋਕ ਕੇ ਸੈਮੀਫਾਈਨਲ 'ਚ ਜਗ੍ਹਾ ਪੱਕੀ ਕਰ ਲਈ।

ਭੂਚਾਲ ਦੇ ਜ਼ੋਰਦਾਰ ਝਟਕੇ

ਜਲੰਧਰ : ਮੰਗਲਵਾਰ ਬਾਅਦ ਦੁਪਹਿਰ 2.53 ਵਜੇ ਚੰਡੀਗੜ੍ਹ, ਪੰਜਾਬ, ਹਰਿਆਣਾ, ਦਿੱਲੀ ਤੇ ਕੌਮੀ ਰਾਜਧਾਨੀ ਖੇਤਰ, ਉੱਤਰਾਖੰਡ ਤੇ ਰਾਜਸਥਾਨ 'ਚ ਭੂਚਾਲ ਦੇ ਜ਼ੋਰਦਾਰ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦਾ ਕੇਂਦਰ ਨੇਪਾਲ ਸੀ। ਨੇਪਾਲ ਵਿਚ ਚਾਰ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ 'ਤੇ 1 ਦੀ ਸ਼ਿੱਦਤ 6.2 ਸੀ।

ਰਾਹੁਲ ਵੱਲੋਂ ਦੂਜੇ ਦਿਨ ਵੀ ਸੇਵਾ

ਅੰਮ੍ਰਿਤਸਰ : ਰਾਹੁਲ ਗਾਂਧੀ ਨੇ ਮੰਗਲਵਾਰ ਲਗਾਤਾਰ ਦੂਜੇ ਦਿਨ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਜੂਠੇ ਭਾਂਡੇ ਸਾਫ ਕਰਨ ਤੇ ਸਬਜ਼ੀਆਂ ਕੱਟਣ ਦੀ ਸੇਵਾ ਕੀਤੀ। ਉਨ੍ਹਾ ਨੇ ਲੰਗਰ ਵੀ ਵਰਤਾਇਆ। ਸੋਮਵਾਰ ਦੇਰ ਰਾਤ ਉਨ੍ਹਾ ਜਲ ਸੇਵਾ ਕਰਨ ਤੋਂ ਬਾਅਦ ਪਾਲਕੀ ਸਾਹਿਬ ਨੂੰ ਮੋਢਾ ਵੀ ਦਿੱਤਾ।

ਕਲਪਨਾ ਦੇ ਪਿਤਾ ਦਾ ਦੇਹਾਂਤ

ਕਰਨਾਲ : ਪੁਲਾੜ ਯਾਤਰੀ ਕਲਪਨਾ ਚਾਵਲਾ ਦੇ ਪਿਤਾ ਬਨਾਰਸੀ ਲਾਲ

4-OCT-PAGE-1.qxd 10/3/2023 10:13 PM Page 2

ਸੈਂਟਰ ਪੱਧਰੀ ਖੇਡਾਂ 'ਚ ਪ੍ਰਾਇਮਰੀ ਸਕੂਲ ਬਡਰੁੱਖਾਂ ਨੇ ਜਿੱਤੀ ਓਵਰਆਲ ਟਰਾਫੀ

ਸੰਗਰੂਰ (ਪ੍ਰਵੀਨ ਸਿੰਘ)- ਸਰਕਾਰੀ ਪ੍ਰਾਇਮਰੀ ਸਕੂਲ ਪੁਲਸ ਲਾਈਨ ਸੰਗਰੂਰ ਵਿਖੇ ਹੋਏ ਸੈਂਟਰ ਪੱਧਰੀ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਡਰੁੱਖਾਂ ਨੇ ਓਵਰਆਲ ਟਰਾਫੀ ਜਿੱਤੀ। ਸਕੂਲ ਮੁਖੀ ਸ੍ਰੀ ਵਿਸ਼ਾਲ ਸ਼ਰਮਾ ਨੇ ਦੱਸਿਆ ਕਿ ਸਕੂਲ ਦੇ ਮਿਹਨਤੀ ਅਧਿਆਪਕ ਸ੍ਰੀ ਮਨਿੰਦਰ ਪਾਲ ਤੇ ਸ੍ਰ. ਕੁਲਵਿੰਦਰ ਸਿੰਘ ਦੀ ਅਣਥੱਕ ਮਿਹਨਤ ਤੇ ਸਮੂਹ ਸਟਾਫ ਦੇ ਸਹਿਯੋਗ ਸਦਕਾ ਇਨ੍ਹਾਂ ਖੇਡਾਂ ਵਿੱਚ ਜਿੱਤ ਹਾਸਲ ਕੀਤੀ ਹੈ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਖੋ-ਖੋ ਮੁੰਡੇ, ਖੋ-ਖੋ ਕੁੜੀਆਂ, ਹੈਂਡਬਾਲ ਮੁੰਡੇ, ਹੈਂਡਬਾਲ ਕੁੜੀਆਂ, ਕਬੱਡੀ ਸਰਕਲ ਸਟਾਈਲ, ਹਾਕੀ ਕੁੜੀਆਂ, ਫੁੱਟਬਾਲ ਮੁੰਡੇ, 600 ਮੀ: ਦੌੜ ਕੁੜੀਆਂ, 400 ਮੀ: ਦੌੜ ਕੁੜੀਆਂ, ਰਿਲੇਅ ਦੌੜ ਕੁੜੀਆਂ, ਰੱਸਾਕਸੀ 'ਚ ਪਹਿਲਾ ਸਥਾਨ ਤੇ ਹਾਕੀ ਮੁੰਡੇ, ਫੁੱਟਬਾਲ ਕੁੜੀਆਂ, ਕਬੱਡੀ ਨੈਸ਼ਨਲ ਸਟਾਈਲ ਕੁੜੀਆਂ ਤੇ ਮੁੰਡੇ, ਯੋਗਾ ਮੁੰਡੇ, ਲੰਮੀ ਛਾਲ ਕੁੜੀਆਂ, ਕੁਸ਼ਤੀ 28 ਕਿੱਲੋ 'ਚ ਦੂਜਾ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫੀ ਉੱਪਰ ਕਬਜ਼ਾ ਕੀਤਾ। ਇਸ ਮੌਕੇ ਸਕੂਲ ਸਟਾਫ ਸ੍ਰੀਮਤੀ ਰਾਜਬੀਰ ਕੌਰ, ਗੀਤਾ ਸੇਤੀਆ, ਸੁਸ਼ਮਾ ਰਾਣੀ, ਸੁਖਪਾਲ ਕੌਰ, ਪੂਨਮ, ਸਿਮਰਜੀਤ ਕੌਰ, ਨਿਰਮਲਜੀਤ ਕੌਰ, ਬਬੀਤਾ ਵਰਮਾ ਤੇ ਮੱਖਣ ਸਿੰਘ ਹਾਜ਼ਰ ਰਹੇ।

ਸੈਂਟੀਨਲ ਇੰਟਰਨੈਸ਼ਨਲ ਸਕੂਲ ਵੱਲੋਂ ਵਿਦਿਆਰਥੀਆਂ ਦਾ ਟੂਰ

ਸਮਰਾਲਾ (ਸੁਰਜੀਤ ਸਿੰਘ)- ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੈਂਟੀਨਲ ਇੰਟਰਨੈਸ਼ਨਲ ਸਕੂਲ ਸਮਰਾਲਾ ਵੱਲੋਂ ਪ੍ਰੀ-ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਲਈ ਇਤਿਹਾਸਕ ਦੌਰਾ ਕੀਤਾ ਗਿਆ, ਜਿਸ ਵਿੱਚ ਸ਼੍ਰੀ ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਵਿਖਾਇਆ ਗਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਪੂਰੀ ਤਰ੍ਹਾਂ ਭਰੀਆਂ ਸਕੂਲ ਬੱਸਾਂ ਚਮਕੌਰ ਸਾਹਿਬ ਵਿਖੇ 'ਦਾਸਤਾਨ-ਏ-ਸ਼ਹਾਦਤ' ਲਈ ਰਵਾਨਾ ਹੋਈਆਂ। ਉਥੇ ਪਹੁੰਚ ਕੇ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਗਿਆ ਤੇ ਦਾਸਤਾਨ-ਏ-ਸ਼ਹਾਦਤ ਵਿੱਚ ਸ੍ਰੀ ਚਮਕੌਰ ਸਾਹਿਬ ਦੀ ਲੜਾਈ ਦੇ ਇਤਿਹਾਸ ਦਾ ਇੱਕ ਜਲਵਾਯੂ ਪਲ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਸਮੇਤ ਸਿਰਫ 42 ਬਹਾਦਰ ਯੋਧੇ, ਜਿਨ੍ਹਾਂ ਨੇ ਮੁਗਲਾਂ ਦੀਆਂ ਗੱਠਜੋੜ ਫੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ, ਬਾਰੇ ਜਾਣੂ ਕਰਵਾਇਆ। ਉਸ ਤੋਂ ਉਪਰੰਤ ਲੰਗਰ ਵਰਤਾਇਆ ਗਿਆ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਦੇ ਗੜ੍ਹੀ ਸਾਹਿਬ ਦੇ ਦਰਸ਼ਨ ਕਰਵਾ ਕੇ ਸ੍ਰੀ ਚਮਕੌਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਵਾਇਆ।

ਸੱਤਿਆ ਭਾਰਤੀ ਆਦਰਸ਼ ਸੀਨੀਅਰ ਸਕੂਲ 'ਚ ਸਵੱਛ ਭਾਰਤ ਅਭਿਆਨ

ਜਗਰਾਉਂ (ਅਮਿਤ ਖੰਨਾ)-ਸੱਤਿਆ ਭਾਰਤੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ਼ੇਰਪੁਰ ਕਲਾਂ ਵਿਖੇ ਸਵੱਛ ਭਾਰਤ ਅਭਿਆਨ ਸਮਾਰੋਹ ਆਯੋਜਤ ਕਰਾਇਆ ਗਿਆ। 2 ਅਕਤੂਬਰ, 2014 ਨੂੰ ਸਵੱਛ ਭਾਰਤ ਮਿਸ਼ਨ ਦੀ ਸ਼ੁਰੂਆਤ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਮੁੱਚੇ ਭਾਰਤ ਦੇ ਕੋਨੇ-ਕੋਨੇ ਵਿੱਚ ਇੱਕ ਰਾਸ਼ਟਰੀ ਲਹਿਰ ਵਜੋਂ ਕੀਤੀ ਗਈ ਸੀ। ਇਸ ਦਿਨ ਮਹਾਤਮਾ ਗਾਂਧੀ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਇੱਕ ਸਾਫ਼ ਤੇ ਅਰੋਗ ਭਾਰਤ ਦਾ ਸੁਪਨਾ ਸਾਕਾਰ ਕਰਨ ਲਈ ਆਮ ਜਨਤਾ ਨੂੰ ਪ੍ਰੇਰਿਆ ਗਿਆ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸੱਤਿਆ ਭਾਰਤੀ ਸਕੂਲ ਗੀਤ, ਸਫ਼ਾਈ ਨੂੰ ਪ੍ਰੇਰਤ ਕਰਦਾ ਗੀਤ ਗਾਇਆ ਗਿਆ। ਸਾਫ਼-ਸਫ਼ਾਈ ਮੁਹਿੰਮ ਤਹਿਤ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ, ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਸਹੁੰ ਵੀ ਚੁੱਕੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਵਿੰਦਰ ਕੌਰ ਵੱਲੋਂ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਗਿਆ। ਪ੍ਰਿੰਸੀਪਲ ਮੈਡਮ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਕੂੜਾ-ਕਰਕਟ ਨਾ ਤਾਂ ਆਪ ਕਿਤੇ ਇਧਰ-ਉਧਰ ਸੁੱਟਣਾ ਚਾਹੀਦਾ ਹੈ ਅਤੇ ਨਾ ਹੀ ਹੋਰਨਾਂ ਨੂੰ ਇੰਝ ਕਰਨ ਦੇਣਾ ਚਾਹੀਦਾ ਹੈ। ਰਾਸ਼ਟਰੀ ਗਾਣ ਗਾ ਕੇ ਇਸ ਸਮਾਰੋਹ ਦੀ ਸਮਾਪਤੀ ਕੀਤੀ ਗਈ। ਸਕੂਲ ਦੇ ਵਿਦਿਆਰਥੀਆਂ ਵੱਲੋਂ ਪਿੰਡ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀ ਕੱਢੀ ਗਈ ਤੇ ਉਨ੍ਹਾਂ ਦੁਆਰਾ ਲੋਕਾਂ ਨੂੰ ਆਪਣੇ ਘਰ ਅਤੇ ਆਲ਼ੇ-ਦੁਆਲ਼ੇ ਦੀ ਸਫ਼ਾਈ ਕਰਨ ਦਾ ਸੁਨੇਹਾ ਦਿੱਤਾ ਗਿਆ।

ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਦਾ ਜਨਮ ਦਿਹਾੜਾ ਮਨਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)- ਜ਼ਿਲ੍ਹਾ ਕਾਂਗਰਸ ਕਮੇਟੀ ਸੰਗਰੂਰ ਵੱਲੋਂ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਦੀ ਰਿਹਾਇਸ਼ 'ਤੇ ਸਿਮਰਤ ਕੌਰ ਖੰਗੂੜਾ ਦੀ ਅਗਵਾਈ ਹੇਠ ਰਾਸ਼ਟਰਪਿਤਾ ਮਹਾਤਮਾ ਗਾਂਧੀ ਤੇ ਸਵ: ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਦਾ ਜਨਮਦਿਨ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਤੇ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਸ੍ਰੀ ਗਾਂਧੀ ਨੂੰ ਸਿਰਫ਼ ਇੱਕ ਵਿਅਕਤੀ ਹੀ ਨਹੀਂ, ਸਗੋਂ ਇੱਕ ਵਿਚਾਰਧਾਰਾ ਅਤੇ ਦੇਸ ਦਾ ਨੈਤਿਕ ਧਾਰਨੀ ਦੱਸਿਆ। ਉਨ੍ਹਾਂ ਦੱਸਿਆ ਕਿ ਲੋਕ ਗਾਂਧੀਵਾਦੀ ਪ੍ਰਤੀਕਾਂ ਨੂੰ ਅਪਣਾਉਂਦੇ ਹਨ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਦੁਨੀਆ ਦੇ ਸਾਹਮਣੇ ਪੇਸ ਕਰਦੇ ਹਨ, ਪਰ ਉਨ੍ਹਾਂ ਦੁਆਰਾ ਅਪਣਾਈਆਂ ਗਈਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਵਿੱਚ ਅਸਮਰੱਥ ਹਨ। ਕਾਂਗਰਸ ਨੇ 'ਝੂਠ ਉੱਤੇ ਸੱਚ' ਦੀ ਜਿੱਤ ਲਈ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਦਾ ਵਾਅਦਾ ਵੀ ਕੀਤਾ ਕਿ 'ਨਫਰਤ, ਬਦਲਾ ਅਤੇ ਪੱਖਪਾਤ ਦੀ ਰਾਜਨੀਤੀ' ਉੱਤੇ ਦਇਆ ਦੀ ਰਾਜਨੀਤੀ ਹਾਵੀ ਹੋਵੇ। ਉਨ੍ਹਾਂ ਕਿਹਾ ਕਿ ਬਾਪੂ ਗਾਂਧੀ ਨੇ ਅਹਿੰਸਾ ਦਾ ਮਾਰਗ ਪ੍ਰੈਕਟੀਕਲ ਤੌਰ 'ਤੇ ਅਪਣਾਇਆ ਤੇ ਅਹਿੰਸਾ ਦੇ ਮਾਰਗ 'ਤੇ ਚੱਲਦਿਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ।

ਪ੍ਰਧਾਨ ਦੀਪਕ ਤਲਵਾੜ ਦੀ ਟੀਮ ਨੇ ਧਰਮਸ਼ਾਲਾ ਤੇ ਮੰਦਰ 'ਚ ਕੀਤੀ ਸਫਾਈ

ਬਾਘਾ ਪੁਰਾਣਾ (ਮਨੀ ਸਿੰਗਲਾ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਵੱਛਤਾ ਲਈ ਇੱਕ ਘੰਟਾ ਮਿਹਨਤ ਕਰਨ ਦੀ ਅਪੀਲ ਕੀਤੀ ਗਈ ਸੀ, ਜਿਸ ਉਪਰੰਤ ਪੂਰੇ ਦੇਸ਼ ਵਿੱਚ ਸਵੱਛਤਾ ਅਭਿਆਨ ਸ਼ੁਰੂ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ 'ਚ ਬੀ.ਜੇ.ਪੀ. ਵਰਕਰਾਂ ਤੇ ਨੰਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੂੰ ਨਾਲ ਲੈ ਕੇ ਚੰਨੂੰਵਾਲਾ ਰੋਡ ਵਿਖੇ ਸੂਏ ਨਾਲ ਲੱਗਦੀ ਗਲੀ ਵਿੱਚ ਧਰਮਸ਼ਾਲਾ, ਮੰਦਰ ਤੇ ਵਾਰਡ 10 ਦੀ ਸਫਾਈ ਕੀਤੀ ਗਈ। ਇਸ ਮੌਕੇ ਮਹਿਲਾ ਮੋਰਚਾ ਮੰਡਲ ਦੀ ਪ੍ਰਧਾਨ ਮਮਤਾ ਸਿੰਗਲਾ, ਪ੍ਰਦੀਪ ਤਲਾੜ, ਗਗਨਦੀਪ ਲੂੰਬਾ, ਸੁਰਿੰਦਰ ਸਿੰਘ ਨੱਥਾ, ਕੰਵਰ ਇਕਬਾਲ ਸਿੰਘ, ਵਿਨੋਦ ਕੁਮਾਰ, ਗੌਰਵ ਗਰਗ, ਅਜੇ ਗੂੰਬਰ, ਸੁਖਦੇਵ ਸਿੰਘ, ਅਵਤਾਰ ਸਿੰਘ, ਬ੍ਰਿਜ ਮੋਹਨ, ਕੋਮਲ, ਪਲਵੀ, ਸਵਰਨਜੀਤ ਕੋਰ, ਸੁਭਾਸ਼ ਸ਼ਰਮਾ, ਨਵਦੀਪ ਤਲਵਾੜ ਤੇ ਹੋਰ ਸ਼ਾਮਲ ਸਨ। ਇਸ ਮੌਕੇ ਸ਼ਿਵ ਸ਼ਕਤੀ ਵਾਲਮੀਕ ਕਲੱਬ ਚੇਅਰਮੈਨ ਰਾਜ ਕੁਮਾਰ, ਵੇਦ ਪ੍ਰਕਾਸ਼, ਰਣਜੀਤ, ਮਦਨ ਸਿੰਘ, ਨਟਵਰ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ।

ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸ਼ਤਰੀ ਦਾ ਜਨਮ ਦਿਨ ਜੋਸ਼ ਨਾਲ ਮਨਾਇਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)- ਸੰਤ ਲੌਂਗੋਵਾਲ ਇੰਸਟੀਚਿਊਟ ਵਿਖੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਤੇ ਰਾਸ਼ਟਰੀ ਨਾਇਕ, ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸ਼ਤਰੀ ਜੀ ਦਾ ਜਨਮ ਦਿਵਸ ਡਾ. ਰਾਜੇਸ਼ ਕੁਮਾਰ ਦੀ ਅਗਵਾਈ ਤੇ ਡਾ. ਆਰ ਕੇ ਯਾਦਵ ਦੀ ਦੇਖ-ਰੇਖ ਵਿੱਚ ਆਈ ਐਸ ਟੀ ਈ ਹਾਲ ਵਿਖੇ ਪੂਰੇ ਜੋਸ਼ ਨਾਲ ਮਨਾਇਆ ਗਿਆ। ਸੰਸਥਾ ਨਿਰਦੇਸ਼ਕ ਤੇ ਮੁੱਖ ਮਹਿਮਾਨ ਡਾ. ਮਣੀ ਕਾਂਤ ਪਾਸਵਾਨ ਅਤੇ ਵੱਖ-ਵੱਖ ਬੁਲਾਰਿਆਂ ਨੇ ਵਿਦਿਆਰਥੀਆਂ, ਫੈਕਲਟੀ ਤੇ ਸਟਾਫ਼ ਨੂੰ ਸੰਬੋਧਨ ਕਰਦਿਆਂ ਗਾਂਧੀ ਜੀ ਅਤੇ ਲਾਲ ਬਹਾਦਰ ਸ਼ਾਸ਼ਤਰੀ ਦੇ ਸੱਚ ਤੇ ਅਹਿੰਸਾ ਦੇ ਮਾਰਗ ਨੂੰ ਅਪਣਾ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ ਲਈ ਪ੍ਰੇਰਿਆ। ਇਸ ਮੌਕੇ ਡੀਨ (ਰਿਸਰਚ) ਡਾ. ਸੁਰਿੰਦਰ ਸਿੰਘ, ਡੀਨ (ਸਟਾਫ਼ ਤੇ ਫੈਕਲਟੀ ਕਲਿਆਣ) ਡਾ. ਕਮਲੇਸ਼ ਪ੍ਰਸ਼ਾਦ, ਡਾ. ਰਾਜੇਸ਼ ਕੁਮਾਰ ਡੀਨ (ਵਿਦਿਆਰਥੀ ਕਲਿਆਣ), ਡਾਕਟਰ ਅਜਾਤ ਸੱਤਰੂ ਅਰੋੜਾ, ਡਾ. ਗੁਲਸ਼ਨ ਜਾਵਾ, ਡਾ. ਪੀ ਕੁਮਾਰ, ਪ੍ਰੋ. ਅੰਸ਼ੂਕਾ ਬਾਂਸਲ, ਇੰਜੀ. ਜੁਝਾਰ ਲੌਂਗੋਵਾਲ, ਗੁਰਬਖਸ਼ ਸਿੰਘ, ਸਾਹਿਬਜੀਤ ਸਿੰਘ, ਸ਼ਸ਼ੀ ਰੰਜਨ, ਗੁਰਨਾਮ ਸਿੰਘ ਆਦਿ ਅਧਿਕਾਰੀ ਅਤੇ ਸਟਾਫ਼ ਮੈਂਬਰ ਹਾਜ਼ਰ ਰਹੇ।

ਬੁੱਧੀਮਾਨਾਂ ਤੇ ਨਾਮਵਰ ਪੱਤਰਕਾਰਾਂ 'ਤੇ ਛਾਪੇਮਾਰੀ ਕਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਖ਼ਤ ਨਿੰਦਾ

ਜਲੰਧਰ : ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲਗਾਏ ਜਾ ਰਹੇ 32ਵੇਂ ਗ਼ਦਰੀ ਬਾਬਿਆਂ ਦੇ ਮੇਲੇ ਨੂੰ ਸੰਬੋਧਨ ਕਰਨ ਲਈ ਆ ਰਹੀ ਬਹੁ-ਪੱਖੀ ਬੁੱਧੀਮਾਨ ਲੇਖਕ ਤੀਸਤਾ ਸੀਤਲਵਾੜ ਸਮੇਤ 'ਨਿਊਜ਼ ਕਲਿਕ' ਦੀ ਟੀਮ ਦੇ ਉੱਘੇ ਵਿਦਵਾਨ ਕਾਮਿਆਂ ਸਮੇਤ ਅਭਿਸ਼ਾਰ ਸ਼ਰਮਾ, ਪ੍ਰਮੁੱਖ ਅਤੇ ਸੀਨੀਅਰ ਪੱਤਰਕਾਰ ਭਾਸ਼ਾ ਸਿੰਘ, ਨਾਮਵਰ ਪੱਤਰਕਾਰ ਉਰਮਲੇਸ਼, ਪ੍ਰਬੀਰ ਪੁਰਕਿਆਸਥ, ਲੇਖਕ ਗਿੱਥਾ ਹਰੀਹਰਨ, ਰਾਜਨੀਤਕ ਅਰਥ ਸ਼ਾਸਤਰ ਦੇ ਉੱਘੇ ਵਿਦਵਾਨ ਅਨੁਨਿਦੋ ਚੱਕਰਵਰਤੀ, ਇਤਿਹਾਸਕਾਰ ਤੇ ਸਮਾਜਕ ਕਾਰਕੁੰਨ ਸੋਹੇਲ ਹਾਸ਼ਮੀ ਅਤੇ ਸੰਜੇ ਰਜ਼ੌਰਾ ਦੀ ਰਿਹਾਇਸ਼ਗਾਹ 'ਤੇ ਛਾਪਾਮਾਰੀ ਕਰਨ ਦੀ ਕਮੇਟੀ ਨੇ ਪੁਰਜ਼ੋਰ ਨਿੰਦਾ ਕੀਤੀ ਗਈ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ ਕਿ ਖੋਜਕਾਰ ਪੱਤਰਕਾਰਾਂ, ਲੇਖਕਾਂ, ਬੁੱਧੀਮਾਨਾਂ ਨੂੰ ਦਿੱਲੀ ਪੁਲਸ ਵੱਲੋਂ ਪੁਲਸ ਹੈਡਕੁਆਰਟਰ ਬੁਲਾ ਕੇ ਸੁਆਲਾਂ ਜਵਾਬਾਂ ਦੀ ਵਾਛੜ ਕਰਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਅਤੇ ਯੂ.ਏ.ਪੀ.ਏ. (ਗੈਰ ਕਾਨੂੰਨੀ ਸਰਗਰਮੀਆਂ ਰੋਕੂ) ਇਨ੍ਹਾਂ ਬੁੱਧੀਮਾਨਾਂ ਦੇ ਲੈਪਟਾਪ, ਮੋਬਾਇਲ ਫੋਨ ਅਤੇ ਹੋਰ ਇਲੈਕਟਰੋਨਿਕ ਸਾਜ਼ੋ-ਸਾਮਾਨ ਜਬਰੀ ਉਠਾ ਕੇ ਲਿਜਾਣਾ ਕਾਨੂੰਨ ਦੀ ਘੋਰ ਉਲੰਘਣਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਮੁਢਲੇ ਮਾਨਵੀ ਅਤੇ ਜਮਹੂਰੀ ਹੱਕਾਂ ਉੱਪਰ ਛਾਪਾ ਮਾਰਦਿਆਂ ਭਾਜਪਾ ਦੀ ਕੇਂਦਰੀ ਹਕੂਮਤ ਹੱਕ, ਸੱਚ, ਇਨਸਾਫ਼ ਦੀ ਅਵਾਜ਼ ਬੰਦ ਕਰਨਾ ਚਾਹੁੰਦੀ ਹੈ। ਕਾਰਪੋਰੇਟ ਘਰਾਣਿਆਂ ਅਤੇ ਫ਼ਿਰਕੂ ਦਹਿਸ਼ਤਗਰਦੀ ਦੇ ਚੌਤਰਫ਼ੇ ਹੱਲਿਆਂ ਦੀ ਮਾਰ ਝੱਲ ਰਹੇ ਸਮਾਜ ਅੰਦਰ ਦੱਬੇ ਕੁਚਲੇ ਲੋਕਾਂ ਅਤੇ ਜਮਹੂਰੀ ਹਲਕਿਆਂ ਦੀ ਅਵਾਜ਼ ਬਣ ਕੇ ਸਾਹਮਣੇ ਆ ਰਹੇ ਕਲਮਕਾਰਾਂ, ਪੱਤਰਕਾਰਾਂ, ਵਿਦਵਾਨਾਂ ਨੂੰ ਜਿਵੇਂ ਪਹਿਲਾਂ ਹੀ ਜੇਲ੍ਹਾਂ ਅੰਦਰ ਤਾੜ ਰੱਖਿਆ ਹੈ, ਕੇਂਦਰੀ ਹਕੂਮਤ ਇਹ ਕਦਮ ਚੁੱਕ ਕੇ ਇਨ੍ਹਾਂ ਬੁੱਧੀਜੀਵੀਆਂ ਨੂੰ ਵੀ ਜੇਲ੍ਹੀਂ ਸੁੱਟਣ ਦਾ ਰਾਹ ਮੋਕਲਾ ਕਰ ਰਹੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਮੇਟੀ ਨੇ ਲੋਕਾਂ ਨੂੰ ਇਨ੍ਹਾਂ ਧੱਕੜ, ਗੈਰ ਜਮਹੂਰੀ ਕਦਮਾਂ ਦੀ ਨਿੰਦਾ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸੰਘੇੜਾ, ਰਣਜੀਤ ਸਿੰਘ ਔਲਖ ਵੀ ਹਾਜ਼ਰ ਸਨ।

ਸਾਬਕਾ ਪ੍ਰਧਾਨ ਵੱਲੋਂ ਨਗਰ ਕੌਂਸਲ ਦਫਤਰ 'ਚ ਭ੍ਰਿਸ਼ਟਾਚਾਰ ਦੇ ਦੋਸ਼

ਜਾਣਕਾਰੀ ਦਿੰਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ।

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)- ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਨੇ ਲਾਏ ਨਗਰ ਕੌਂਸਲ 'ਤੇ ਇਲਜ਼ਾਮ ਲਾਉਂਦਿਆਂ ਕਿਹਾ ਕਿ ਇੱਥੇ ਦੇ ਕੁਝ ਕੁ ਅਧਿਕਾਰੀਆਂ ਨ

4--Otc-PAGE- 3 qxd.qxd 10/3/2023 10:24 PM Page 1

ਕੇਂਦਰੀ ਮੰਤਰੀ ਅਜੇ ਮਿਸ਼ਰਾ ਅਤੇ ਅਸ਼ੀਸ਼ ਮਿਸ਼ਰਾ ਦੇ ਕਿਸਾਨਾਂ ਨੇ ਪੁਤਲੇ ਫੂਕੇ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਅੱਜ ਜ਼ੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਅਤੇ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਅਗਵਾਈ ਹੇਠ ਵੈਰੋਵਾਲ ਖਡੂਰ ਸਾਹਿਬ ਰੋਡ ਤੇ ਕਿਸਾਨਾਂ ਵੱਲੋਂ ਯੂਪੀ ਦੇ 4 ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਇਸ ਦਿਨ ਜੋ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ ਤਾਂ ਭਾਜਪਾ ਸਰਕਾਰ ਦੇ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਗੁੰਡੇ ਬੇਟੇ ਅਸ਼ੀਸ਼ ਮਿਸ਼ਰਾ ਨੇ ਆਪਣੇ ਗੁੰਡਿਆਂ ਨਾਲ ਗੱਡੀਆਂ ਹੇਠਾਂ ਕੁਚਲ ਕੇ ਸ਼ਹੀਦ ਕਰ ਦਿੱਤਾ ਸੀ, ਦੇ ਪੁਤਲੇ ਫੂਕੇ। ਕਿਸਾਨਾਂ ਨੇ ਅੱਜ ਕਾਲਾ ਦਿਨ ਮਨਾਉਂਦਿਆਂ ਦੋਹਾਂ ਬਾਪ ਬੇਟੇ ਦੇ ਪੁਤਲੇ ਫੂਕੇ ਅਤੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਜ਼ੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਅਤੇ ਸਤਨਾਮ ਸਿੰਘ ਖੋਜਕੀਪੁਰ ਨੇ ਕਿਹਾ ਕਿ ਜਿੰਨਾ ਚਿਰ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ ਮੋਦੀ ਸਰਕਾਰ ਖਿਲਾਫ ਏਸੇ ਤਰ੍ਹਾਂ ਰੋਸ ਪ੍ਰਦਰਸ਼ਨ ਕਰਦੇ ਰਹਾਂਗੇ। ਇਸ ਮੌਕੇ ਮਨਜੀਤ ਸਿੰਘ ਵੈਰੋਵਾਲ, ਹਰਜਿੰਦਰ ਸਿੰਘ ਘੱਗੇ, ਸਾਹਿਬ ਸਿੰਘ ਨਰੋਤਮਪੁਰ, ਸੁਖਦੇਵ ਸਿੰਘ ਬਿਹਾਰੀਪੁਰ, ਅਮਰਜੀਤ ਸਿੰਘ ਬਿਹਾਰੀਪੁਰ, ਸੁਲੱਖਣ ਸਿੰਘ ਖੋਜਕੀਪੁਰ, ਪਰਮਜੀਤ ਸਿੰਘ ਬਾਠ ਦਾਰਾਪੁਰ, ਰੂਪ ਸਿੰਘ ਵੈਰੋਵਾਲ, ਰਵਿੰਦਰ ਸਿੰਘ ਭਲੋਜਲਾ, ਗੁਰਪਾਲ ਸਿੰਘ ਜਲਾਲਾਬਾਦ, ਸਕੱਤਰ ਸਿੰਘ ਜਲਾਲਾਬਾਦ, ਸੂਬੇਦਾਰ ਨਿਰਮਲ ਸਿੰਘ ਹੋਠੀਆਂ, ਹਰਜੀਤ ਸਿੰਘ ਹੋਠੀਆਂ, ਜੈਕਾਰ ਸਿੰਘ ਗਗੜੇਵਾਲ, ਹਰਦੀਪ ਸਿੰਘ ਹੋਠੀਆਂ, ਸੁਖਦੇਵ ਸਿੰਘ ਵੈਰੋਵਾਲ, ਬਖਸ਼ੀਸ਼ ਸਿੰਘ ਭਲੋਜਲਾ, ਬਲਵਿੰਦਰ ਸਿੰਘ ਸ਼ਾਹ ਰਾਮਪੁਰ ਸਮੇਤ ਵੱਖ-ਵੱਖ ਪਿੰਡਾਂ ਤੋਂ ਕਿਸਾਨ ਤੇ ਮਜ਼ਦੂਰ ਹਾਜ਼ਰ ਸਨ।

ਮੋਦੀ ਸਰਕਾਰ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ

ਮਜੀਠਾ (ਸੋਇਮ ਆਨੰਦ)-ਸੰਯੁਕਤ ਕਿਸਾਨ ਮੋਰਚਾ ਮਜੀਠਾ ਵਿਖੇ ਸੰਯੁਕਤ ਕਿਸਾਨ ਜਥੇਬੰਦੀਆਂ ਨੇ ਮਿਲ ਕੇ ਅਜੈ ਮਿਸ਼ਰਾ ਟੈਨੀ , ਅਸ਼ੀਸ਼ ਮਿਸ਼ਰਾ ਟੈਨੀ ਅਤੇ ਮੋਦੀ ਦੀ ਸਰਕਾਰ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ। ਇਸ ਮੌਕੇ ਬੋਲਦਿਆਂ ਕਿਸਾਨ ਆਗੂ ਹਰਭਜਨ ਸਿੰਘ ਟਰਪਈ, ਪ੍ਰਿਤਪਾਲ ਸਿੰਘ ਮਜੀਠਾ, ਕੁਲਵਿੰਦਰ ਕੌਰ ਖੁਸ਼ੀਪੁਰ ਬਲਕਾਰ ਸਿੰਘ ਦੁਧਾਲਾ, ਮੰਗਲ ਸਿੰਘ ਗੌਸਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੂਰੇ ਦੋ ਸਾਲ ਹੋਣ ਤੋਂ ਬਾਅਦ ਇਨਸਾਫ ਨਾ ਦੇਣਾ ਬਹੁਤ ਹੀ ਬੇਇਨਸਾਫੀ ਹੈ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਕਿਸਾਨਾਂ ਨੇ ਪੂਰਾ ਤੇਰਾਂ ਮਹੀਨੇ ਦਿੱਲੀ ਵਿਖੇ ਲਗਾਤਾਰ ਸੰਘਰਸ਼ ਕੀਤਾ ਹੈ ਜਿਸ ਦੇ ਕਾਰਨ ਮੋਦੀ ਨੂੰ ਆਪਣੇ ਹੰਕਾਰ ਨੂੰ ਤੋੜਦਿਆਂ ਕਿਸਾਨਾਂ ਕੋਲੋਂ ਮੁਆਫੀ ਮੰਗਣੀ ਪਈ। ਕਿਸਾਨਾਂ ਨੇ ਨਾਹਰੇ ਲਾਉਂਦਿਆਂ ਮੋਦੀ ਅਤੇ ਯੂਪੀ ਸਰਕਾਰ ਦਾ ਜ਼ਬਰਦਸਤ ਵਿਰੋਧ ਕੀਤਾ। ਇਸ ਮੁਜ਼ਾਹਰੇ ਨੂੰ ਪਰਮਿੰਦਰ ਸਿੰਘ ਪੰਡੋਰੀ ਤੇ ਕੁਲਦੀਪ ਸਿੰਘ ਨਾਗ ਕਲਾਂ, ਜਸਪਾਲ ਸਿੰਘ ਨਵੇਂ ਨਾਗ, ਮੁਖਵੰਤ ਸਿੰਘ, ਗੋਪਾਲ ਸਿੰਘ ਸੋਹੀਆਂ ਕਲਾਂ, ਪਲਵਿੰਦਰ ਸਿੰਘ ਜੇਠੂਨੰਗਲ ਨੇ ਵੀ ਸੰਬੋਧਨ ਕੀਤਾ। ਅੱਜ ਦੇ ਸੰਘਰਸ਼ ਦੀ ਪ੍ਰਧਾਨਗੀ ਕੁਲਦੀਪ ਸਿੰਘ ਨਾਗ, ਸੁੱਚਾ ਸਿੰਘ, ਲਖਵਿੰਦਰ ਸਿੰਘ ਗੋਪਾਲਪੁਰਾ ਅਤੇ ਕੁਲਵਿੰਦਰ ਕੌਰ ਖੁਸ਼ੀਪਰ ਨੇ ਕੀਤੀ। ਇਸ ਮੌਕੇ ਹਰਜੀਤ ਸਿੰਘ, ਸੁੱਚਾ ਸਿੰਘ ਵੀਰਮ, ਕਰਮ ਸਿੰਘ ਚੰਡੇ, ਜਗਜੀਵਨ ਸਿੰਘ ਤਲਵੰਡੀ ਖੁੰਮਣ, ਸਾਬਾ ਹਰਦੀਪ ਸਿੰਘ ਹਦਾਇਤਪੁਰ, ਰਾਜ ਸਿੰਘ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਲਾਲ ਸਿੰਘ ਅਤੇ ਸਾਬ ਸਿੰਘ ਆਪਣੇ ਜਥੇ ਲੈ ਕੇ ਸੰਘਰਸ਼ ਵਿੱਚ ਮਜੀਠਾ ਵਿਖੇ ਪਹੁੰਚੇ।

ਸ਼ਹੀਦ ਕਿਸਾਨਾਂ ਦੀ ਯਾਦ 'ਚ ਭੰਡਾਰੀ ਪੁਲ 'ਤੇ ਕਾਲਾ ਦਿਵਸ ਮਨਾਇਆ

ਅੰਮ੍ਰਿਤਸਰ (ਨਜ਼ਸ)— ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਤੌਰ ਤੇ ਦਿੱਤੇ ਸੱਦੇ ਉੱਪਰ ਅੱਜ ਅੰਮ੍ਰਿਤਸਰ ਜ਼ਿਲੇ ਅੰਦਰ ਭੰਡਾਰੀ ਪੁਲ ਉੱਪਰ ਲਖੀਮਪੁਰ ਖੀਰੀ ਕਾਂਡ ਵਿਖੇ ਸ਼ਹੀਦ ਹੋਏ ਕਿਸਾਨਾਂ ਅਤੇ ਪੱਤਰਕਾਰ ਦੀ ਯਾਦ ਵਿੱਚ 'ਕਾਲਾ ਦਿਵਸ' ਮਨਾਇਆ ਗਿਆ! ਇਥੇ ਵਰਨਣਯੋਗ ਹੈ ਕਿ ਅੱਜ ਦੇ ਦਿਨ ਉੱਤਰ ਪ੍ਰਦੇਸ਼ ਦੇ ਜ਼ਿਲੇ ਲਖੀਮਪੁਰ ਖੀਰੀ ਦੇ ਤਿਕੋਨੀਆ ਇਲਾਕੇ ਅੰਦਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਅਸ਼ੀਸ਼ ਮਿਸ਼ਰਾ ਟੈਨੀ ਨੇ ਆਪਣੀ ਗੱਡੀ ਥੱਲੇ ਅੰਦੋਲਨ ਤੋਂ ਵਾਪਸ ਜਾ ਰਹੇ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਦੇ ਉੱਪਰੋਂ ਦੀ ਗੱਡੀ ਲੰਘਾ ਕੇ ਸ਼ਹੀਦ ਕਰ ਦਿੱਤਾ ਸੀ। ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਬਣੀ ਸਿੱਟ ਨੇ ਵੀ ਇਨ੍ਹਾਂ ਘਟਨਾਵਾਂ ਦੀ ਪੁਸ਼ਟੀ ਕੀਤੀ ਸੀ ਪਰੰਤੂ ਦੋ ਸਾਲ ਬੀਤ ਜਾਣ ਦੇ ਬਾਵਜੂਦ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਕੇਂਦਰੀ ਵਜ਼ਾਰਤ ਵਿੱਚੋਂ ਬਾਹਰ ਨਹੀਂ ਕੀਤਾ ਗਿਆ! ਇਸ ਤੋਂ ਉਲਟ ਚਾਰ ਨਿਰਦੋਸ਼ ਕਿਸਾਨਾਂ ਉੱਪਰ ਵੀ ਇਸ ਘਟਨਾ ਦਾ ਪਰਚਾ ਦਰਜ ਕਰ ਦਿੱਤਾ ਗਿਆ, ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਇਨਸਾਫ ਨਾ ਮਿਲਣ ਕਾਰਣ ਅੱਜ ਪੂਰੇ ਦੇਸ਼ ਅੰਦਰ ਰੋਸ ਵਜੋਂ ਕਾਲਾ ਦਿਨ ਮਨਾਉਂਦਿਆਂ ਹੋਇਆਂ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਸ਼ਾਹ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਸੀ ਜਿਸ ਤਹਿਤ ਅੰਮ੍ਰਿਤਸਰ ਜ਼ਿਲੇ ਅੰਦਰ ਮੋਰਚੇ ਵਿੱਚ ਸ਼ਾਮਲ ਵੱਖ-ਵੱਖ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਪੁਤਲੇ ਫੂਕੇ ਗਏ। ਇਕੱਠੇ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੂੰ ਮੋਰਚੇ ਦੇ ਆਗੂ ਲਖਬੀਰ ਸਿੰਘ ਨਿਜ਼ਾਮਪੁਰ, ਭੁਪਿੰਦਰ ਸਿੰਘ ਤੀਰਥਪੁਰਾ, ਸਵਿੰਦਰ ਸਿੰਘ ਮੀਰਾਂਕੋਟ, ਪਰਤਾਪ ਸਿੰਘ ਪੰਡੋਰੀ, ਮਜ਼ਦੂਰ ਆਗੂ ਅਮਰਜੀਤ ਸਿੰਘ ਆਸਲ, ਕੁਲਵੰਤ ਸਿੰਘ ਬਾਵਾ, ਜਗਤਾਰ ਸਿੰਘ ਕਰਮਪੁਰਾ, ਸੁੱਚਾ ਸਿੰਘ ਅਜਨਾਲਾ, ਭੈਣਜੀ ਦਸਵਿੰਦਰ ਕੌਰ, ਭੈਣਜੀ ਕੰਵਲਜੀਤ ਕੌਰ, ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਸੰਬੋਧਨ ਕੀਤਾ!

ਪਾਕਿਸਤਾਨੀ ਡਰੋਨ ਸਮੇਤ 2 ਕਿੱਲੋ 518 ਗ੍ਰਾਮ ਹੈਰੋਇਨ ਬਰਾਮਦ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬੀਐੱਸਐੱਫ ਅਤੇ ਖਾਲੜਾ ਪੁਲਸ ਵੱਲੋਂ ਸਾਂਝੇ ਸਰਚ ਆਪ੍ਰੇਸ਼ਨ ਦੌਰਾਨ ਸਰਹੱਦ ਤੋਂ ਪਾਕਿਸਤਾਨੀ ਡ੍ਰੋਨ ਸਮੇਤ 2 ਕਿੱਲੋ 518 ਗ੍ਰਾਮ ਹੈਰੋਇਨ ਬਰਾਮਦ ਕਰਨ ਦੀ ਖਬਰ ਸਾਹਮਣੇ ਆਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਅਧੀਨ ਆਉਂਦੀ ਭਾਰਤ-ਪਾਕਿਸਤਾਨ ਸਰਹੱਦ ਦੇ ਸੈਕਟਰ ਅਮਰਕੋਟ ਦੀ ਬੀਓਪੀ ਕਲਸੀਆਂ ਰਾਹੀਂ ਬੀਤੀ ਰਾਤ ਸਮਾਂ ਕਰੀਬ 9 ਵਜੇ ਭਾਰਤੀ ਸਰਹੱਦ 'ਤੇ ਪਾਕਿਸਤਾਨੀ ਡਰੋਨ ਦਾਖਲ ਹੋਣ ਦੀ ਆਵਾਜ਼ ਸੁਣਾਈ ਦਿੱਤੀ ਸੀ, ਜਿਸ ਤੋਂ ਬਾਅਦ ਖਾਲੜਾ ਪੁਲਸ ਅਤੇ ਬੀਐੱਸਐੱਫ ਦੀ 103 ਬਟਾਲੀਅਨ ਵੱਲੋਂ ਇਲਾਕੇ ਨੂੰ ਸੀਲ ਕਰਕੇ ਤਲਾਸ਼ੀ ਅਭਿਆਨ ਚਲਾਇਆ ਗਿਆ। ਡੀਐੱਸਪੀ ਭਿੱਖੀਵਿੰਡ ਨੇ ਦੱਸਿਆ ਕਿ ਸਰਚ ਆਪ੍ਰੇਸ਼ਨ ਦੌਰਾਨ ਖਾਲੜਾ ਪੁਲਸ ਅਤੇ ਬੀਐੱਸਐੱਫ ਵੱਲੋਂ ਪਾਕਿਸਤਾਨੀ ਡਰੋਨ ਸਮੇਤ 2 ਕਿੱਲੋ 518 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਡ੍ਰੋਨ ਕਿਸਾਨ ਗੁਰਜੰਟ ਸਿੰਘ ਪੁੱਤਰ ਘਸੀਟਾ ਸਿੰਘ ਵਾਸੀ ਕਲਸੀਆਂ ਦੇ ਖੇਤਾਂ 'ਚ ਡਿੱਗ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸੰਬੰਧੀ ਥਾਣਾ ਖਾਲੜਾ ਦੀ ਪੁਲਸ ਵੱਲੋਂ ਮੁਕੱਦਮਾ ਨੰਬਰ 107 ਐੱਨਡੀਪੀਐੱਸ ਐਕਟ 10,11,12 ਏਅਰਕ੍ਰਾਫਟ ਐਕਟ 1934 ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ 'ਸਵੱਛ ਭਾਰਤ ਅਭਿਆਨ ਦਿਵਸ'

ਤਰਨਤਾਰਨ (ਪ੍ਰਿਤਪਾਲ ਸਿੰਘ)-ਸ਼੍ਰੀਮਤੀ ਪ੍ਰਿਆ ਸੂਦ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਤਰਨ ਤਾਰਨ, ਬਗੀਚਾ ਸਿੰਘ, ਸਿਵਲ ਜੱਜ ਸੀਨੀਅਰ ਡਵੀਜ਼ਨ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ (ਡਿਊਟੀ) ਵਲੋਂ ਸਵੱਛ ਭਾਰਤ ਅਭਿਆਨ ਦਿਵਸ ਮਨਾਇਆ ਗਿਆ ਜਿਸ ਵਿੱਚ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਦਾ ਸਾਰਾ ਸਟਾਫ਼ ਹਾਜ਼ਰ ਰਿਹਾ। ਪ੍ਰਿਆ ਸੂਦ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਤਰਨ ਤਾਰਨ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਕੋਰਟ ਕੰਪਲੈਕਸ, ਤਰਨ ਤਾਰਨ ਦੀ ਸਾਰੀ ਸਾਫ ਸਫਾਈ ਕਰਵਾਈ ਗਈ। ਇਸ ਮੌਕੇ ਕੋਰਟ ਦਾ ਸਾਰਾ ਸਟਾਫ਼ ਹਾਜ਼ਰ ਰਿਹਾ। ਬਗੀਚਾ ਸਿੰਘ ਮਾਨਯੋਗ ਸਿਵਲ ਜੱਜ ਸੀਨੀਅਰ ਡੀਵੀਜ਼ਨ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ (ਡਿਊਟੀ) ਨੇ ਦੱਸਿਆ ਕਿ ਸਵੱਛ ਭਾਰਤ ਅਭਿਆਨ ਦਿਵਸ ਭਾਰਤ ਸਰਕਾਰ ਦੁਆਰਾ 02 ਅਕਤੂਬਰ 2014 ਨੂੰ ਸ਼ੁਰੂ ਕੀਤਾ ਗਿਆ ਸੀ। ਮਾਨਯੋਗ ਜੱਜ ਸਾਹਿਬ ਨੇ ਦੱਸਿਆ ਕਿ ਸਵੱਛ ਅਤੇ ਸੁੰਦਰ ਭਾਰਤ ਦਾ ਸੁਪਨਾ ਮਹਾਤਮਾ ਗਾਂਧੀ ਨੇ ਦੇਖਿਆ ਸੀ। ਉਨ੍ਹਾਂ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਸਾਨੂੰ ਗਲੀਆਂ, ਸੜਕਾਂ, ਪਿੰਡਾਂ, ਮੁਹੱਲਿਆਂ ਅਤੇ ਆਲੇ-ਦੁਆਲੇ ਦੀ ਸਾਫ-ਸਫਾਈ ਦਾ ਧਿਆਨ ਰੱਖਣਾ ਹੈ ਤਾਂ ਜੋ ਆਲੇ-ਦੁਆਲੇ ਫੈਲਿਆ ਕੂੜਾ ਬਾਹਰੋਂ ਆਉਣ ਵਾਲੇ ਵਿਅਕਤੀਆਂ ਨੂੰ ਦੇਖ ਕੇ ਵੀ ਬੁਰਾ ਲਗਦਾ ਹੈ ਅਤੇ ਇਹ ਫੈਲਿਆ ਕੂੜਾ ਵਾਤਾਵਰਨ ਵਿਚ ਬਦਬੂ ਫੈਲਾਉਂਦਾ ਹੈ ਅਤੇ ਇਸ ਦਾ ਸਾਡੀ ਸਿਹਤ ਉਪਰ ਵੀ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸਾਨੂੰ ਆਪਣੇ ਵਾਤਾਵਰਣ ਨੂੰ ਸਿਹਤਮੰਦ ਰੱਖਣ ਲਈ ਸਵੱਛਤਾ ਮੁਹਿੰਮ ਦੀ ਲੋੜ ਹੈ। ਆਪਾਂ ਸਾਰਿਆਂ ਨੂੰ ਰਲ ਮਿਲ ਕੇ ਇਸ ਮਿਸ਼ਨ ਨੂੰ ਪੂਰਾ ਕਰਨਾ ਹੈ। ਸੱਵਛ ਭਾਰਤ ਅਭਿਆਨ ਉਦੋਂ ਹੀ ਲਾਭਦਾਇਕ ਹੋਵੇਗਾ ਜਦੋਂ ਹਰ ਕੋਈ ਵਿਅਕਤੀ ਆਪਣਾ ਆਲਾ-ਦੁਆਲਾ ਸਾਫ ਰੱਖਣ ਲਈ ਜ਼ਿੰਮੇਵਾਰੀ ਨਿਭਾਵੇਗਾ।

ਲਖੀਮਪੁਰ ਖੀਰੀ ਕਾਂਡ ਦੇ ਰੋਸ ਵਜੋਂ ਮੋਦੀ ਤੇ ਯੋਗੀ ਸਰਕਾਰ ਦੇ ਪੁਤਲੇ ਫੂਕੇ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਤਰਨਤਾਰਨ ਦੇ ਜ਼ੋਨ ਬਾਬਾ ਬੀਰ ਸਿੰਘ ਤੇ ਜ਼ੋਨ ਬਾਬਾ ਕਾਮਾਗਾਟਾਮਾਰੂ ਵਲੋਂ ਹਾਈਵੇ ਨੰਬਰ 54 ਤੇ ਪਿੰਡ ਉਸਮਾਂ ਦੇ ਟੋਲ ਪਲਾਜ਼ੇ ਉਤੇ ਲਖੀਮਪੁਰ ਖੀਰੀ ਕਾਂਡ ਦੇ ਵਿਰੋਧ ਵਿਚ ਮੋਦੀ ਸਰਕਾਰ ਤੇ ਯੋਗੀ ਸਰਕਾਰ ਦੇ ਪੁਤਲੇ ਫੂਕੇ ਗਏ ਤੇ ਤਿੱਖੀ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਜਿੰਦਰ ਸਿੰਘ ਸਕਰੀ ਜ਼ਿਲ੍ਹਾ ਖਜ਼ਾਨਚੀ ਫਤਿਹ ਸਿੰਘ ਪਿੱਦੀ, ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ, ਜ਼ੋਨ ਪ੍ਰਧਾਨ ਕੁਲਵੰਤ ਸਿੰਘ ਢੋਟੀਆਂ ਨੇ ਕਿਹਾ ਕਿ ਅੱਜ ਤੋਂ ਪੂਰੇ ਦੋ ਸਾਲ ਪਹਿਲਾਂ ਯੂਪੀ ਦੇ ਕਿਸਾਨਾਂ ਵਲੋਂ ਦਿੱਲੀ ਵਿਚ ਚੱਲ ਰਹੇ ਕਿਸਾਨ ਮੋਰਚੇ ਦੇ ਤਹਿਤ ਦੇਸ਼ ਭਰ ਵਿਚ ਭਾਜਪਾ ਲੀਡਰਾਂ ਦੇ ਘਿਰਾਓ ਕੀਤੇ ਜਾ ਰਹੇ ਸਨ। ਇਸ ਲੜੀ ਦੇ ਤਹਿਤ ਲਖੀਮਪੁਰ ਖੀਰੀ ਵਿਚ ਕਿਸਾਨਾਂ ਨੇ ਯੂਪੀ ਦੇ ਐੱਮਪੀ ਤੇ ਕੇਂਦਰ ਦੇ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦਾ ਸ਼ਾਂਤੀਪੂਰਵਕ ਘਿਰਾਓ ਕਰਨਾ ਸੀ। ਕਿਸਾਨ ਕਾਫਲੇ ਦੇ ਰੂਪ ਵਿਚ ਜਾ ਰਹੇ ਸਨ ਤਾਂ ਅਚਾਨਕ ਮੰਤਰੀ ਦੇ ਬੇਟੇ ਅਸ਼ੀਸ਼ ਮਿਸ਼ਰਾ ਟੈਨੀ ਤੇ ਉਸ ਦੇ ਗੁੰਡੇ ਤਿੰਨ ਗੱਡੀਆਂ ਤੇ ਤੇਜ਼ ਰਫਤਾਰ ਵਿੱਚ ਆਏ ਤਾਂ ਤੁਰੇ ਜਾ ਰਹੇ ਕਿਸਾਨਾਂ ਵਿਚੋਂ 5 ਜਾਣਿਆਂ ਨੂੰ ਗੱਡੀਆਂ ਹੇਠਾਂ ਕੁਚਲ ਕੇ ਮਾਰ ਦਿੱਤਾ ਤੇ ਕਈ ਲੋਕ ਜ਼ਖਮੀ ਹੋ ਗਏ। ਚਿੱਟੇ ਦਿਨ ਕਤਲੇਆਮ ਹੋ ਗਿਆ ਪਰ ਸਰਕਾਰਾਂ ਵੱਲੋਂ ਆਪਣੇ ਮੰਤਰੀ ਤੇ ਉਸ ਦੇ ਬੇਟੇ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਗਿਆ। ਕਿਸਾਨੀ ਮੋਰਚੇ ਦੇ ਚਲਦਿਆਂ ਉਸ ਸਮੇਂ ਭਾਵੇਂ ਅਸ਼ੀਸ਼ ਮਿਸ਼ਰਾ ਟੈਨੀ ਸਮੇਤ 14 ਜਣਿਆਂ 'ਤੇ ਪਰਚਾ ਦਰਜ ਹੋ ਗਿਆ ਪਰ ਅੱਜ ਫਿਰ ਸਰਕਾਰੀ ਮੇਹਰਬਾਨੀ ਕਰਕੇ ਇਹ 14 ਦੋਸ਼ੀ ਜ਼ਮਾਨਤ ਤੇ ਬਾਹਰ ਆ ਚੁੱਕੇ ਹਨ ਤੇ ਸਰਕਾਰੀ ਦਬਾਅ ਹੇਠ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ। ਦੋ ਸਾਲ ਬੀਤ ਜਾਣ ਤੇ ਵੀ ਅਜੇ ਮੋਦੀ ਤੇ ਯੋਗੀ ਸਰਕਾਰ ਦੇਸ਼ ਵਿਚ ਹੋਏ ਇਸ ਅਣਮਨੁੱਖੀ ਕਾਰੇ ਦਾ ਇਨਸਾਫ ਨਹੀਂ ਦਿਵਾ ਸਕੀ। ਇਸ ਲਈ ਅੱਜ ਦੇਸ਼ ਭਰ ਵਿਚ ਮੋਦੀ ਤੇ ਯੋਗੀ ਦੇ ਸੜਕਾਂ ਉਤੇ ਪੁਤਲੇ ਫੂਕੇ ਗਏ। ਇਸ ਮੌਕੇ ਦਵਿੰਦਰ ਕੌਰ ਪਿੱਦੀ, ਕੁਲਜੀਤ ਕੌਰ, ਬਲਵੀਰ ਕੌਰ, ਬਲਦੀਸ ਕੌਰ ਪਿੱਦੀ, ਨਿ

4-oct-PAGE-4-2.qxd 10/3/2023 10:20 PM Page 1

ਨਵਾਂ ਜ਼ਮਾਨਾ
ਬੁੱਧਵਾਰ, 4 ਅਕਤੂਬਰ 2023

ਫਰਜ਼ੀਵਾੜਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਬਿਆਨ ਦਿੱਤਾ ਸੀ ਕਿ ਕੇਂਦਰ ਸਰਕਾਰ ਹਰ ਮਹੀਨੇ ਇਕ ਨਵਾਂ ਮੈਡੀਕਲ ਕਾਲਜ ਖੋਲ੍ਹ ਰਹੀ ਹੈ ਤੇ ਇਹ ਸਿਲਸਿਲਾ ਇਕ ਸਾਲ, ਦੋ ਸਾਲ ਤੋਂ ਨਹੀਂ, ਸਗੋਂ ਪਿਛਲੇ 9 ਸਾਲ ਤੋਂ ਚੱਲ ਰਿਹਾ ਹੈ। ਨੈਸ਼ਨਲ ਮੈਡੀਕਲ ਕਮਿਸ਼ਨ (ਐੱਨ ਐੱਮ ਸੀ) ਦੀ ਰਿਪੋਰਟ ਨੇ ਮੈਡੀਕਲ ਸਿੱਖਿਆ ਦੇ ਖੇਤਰ ਦੀ ਚੜ੍ਹਦੀ ਕਲਾ ਦੇ ਮੋਦੀ ਦੇ ਦਾਅਵੇ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਉਨ੍ਹਾ ਦਾ ਦਾਅਵਾ ਨਾ ਸਿਰਫ ਜੁਮਲਾ ਸਾਬਤ ਹੋਇਆ ਹੈ, ਸਗੋਂ ਇਸ ਨੂੰ ਧੋਖਾ ਕਿਹਾ ਜਾਵੇ ਤਾਂ ਜ਼ਿਆਦਾ ਚੰਗਾ ਹੋਵੇਗਾ। ਮੋਦੀ ਦੇ ਦਾਅਵੇ ਦੇ ਹਿਸਾਬ ਨਾਲ ਦੇਸ਼ ਵਿਚ 468 ਨਵੇਂ ਮੈਡੀਕਲ ਕਾਲਜ ਹੋਣੇ ਚਾਹੀਦੇ ਸਨ, ਪਰ ਇਹ ਗਿਣਤੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵੱਲੋਂ ਗਿਣਾਏ ਗਏ 246 ਕਾਲਜਾਂ ਦੇ ਹਿਸਾਬ ਨਾਲ ਫਰਜ਼ੀ ਨਿਕਲੀ। ਸਿਤਮਜ਼ਰੀਫੀ ਇਹ ਹੈ ਕਿ ਜਿਹੜੇ ਕਾਲਜ ਖੋਲ੍ਹਣ ਦਾ ਦਾਅਵਾ ਕੀਤਾ ਗਿਆ ਹੈ, ਉਨ੍ਹਾਂ ਵਿਚ ਨਾ ਤਾਂ ਪੂਰੇ ਪ੍ਰੋਫੈਸਰ ਹਨ, ਨਾ ਸੀਨੀਅਰ ਡਾਕਟਰ ਤੇ ਦਵਾਈਆਂ। ਐੱਨ ਐੱਮ ਸੀ ਦੇ ਤਹਿਤ ਚੱਲਣ ਵਾਲੇ ਅੰਡਰ ਗ੍ਰੈਜੂਏਟ ਮੈਡੀਕਲ ਐਜੂਕੇਸ਼ਨ ਬੋਰਡ ਨੇ 2022-23 ਵਿਚ 246 ਕਾਲਜਾਂ ਦੇ ਸਰਵੇ ਵਿਚ ਪਾਇਆ ਹੈ ਕਿ ਮੌਜੂਦਾ ਕਾਲਜਾਂ ਵਿਚ ਲੋੜੀਂਦੀ ਗਿਣਤੀ ਵਿਚ ਨਾ ਪ੍ਰੋਫੈਸਰ ਤੇ ਨਾ ਸੀਨੀਅਰ ਪ੍ਰੋਫੈਸਰ ਹਨ। ਤਕਰੀਬਨ ਸਾਰੇ ਕਾਲਜ ਜ਼ਰੂਰੀ 50 ਫੀਸਦੀ ਹਾਜ਼ਰੀ ਦੀ ਸ਼ਰਤ ਨੂੰ ਪੂਰੀ ਕਰਦੇ ਨਹੀਂ ਮਿਲੇ। ਜ਼ਿਆਦਾਤਰ ਕਾਲਜਾਂ ਵਿਚ ਘੋਸਟ ਫੈਕਲਟੀ ਹਨ (ਜਿਹੜੇ ਅਧਿਕਾਰੀਆਂ ਵੱਲੋਂ ਚੈਕਿੰਗ ਦੌਰਾਨ ਹਾਜ਼ਰ ਹੁੰਦੇ ਹਨ ਤੇ ਚੈਕਿੰਗ ਤੋਂ ਬਾਅਦ ਗਾਇਬ ਹੋ ਜਾਂਦੇ ਹਨ।) ਇਨ੍ਹਾਂ ਕਾਲਜਾਂ ਵਿਚ ਲੋੜੀਂਦੇ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਗਈ। 134 ਕਾਲਜ ਅਜਿਹੇ ਮਿਲੇ, ਜਿਨ੍ਹਾਂ ਕੋਲ ਐਮਰਜੈਂਸੀ ਮੈਡੀਸਨ ਡਿਪਾਰਟਮੈਂਟ ਸਿਰਫ ਕਾਗਜ਼ਾਂ ਵਿਚ ਹਨ। ਐੱਨ ਐੱਮ ਸੀ ਵੱਲੋਂ ਐਸੋਸੀਏਸ਼ਨ ਆਫ ਐਮਰਜੈਂਸੀ ਫਿਜ਼ੀਸ਼ੀਅਨ ਆਫ ਇੰਡੀਆ ਨੂੰ ਲਿਖੇ ਪੱਤਰ ਵਿਚ ਇਹ ਤੱਥ ਵੀ ਲਿਆਂਦਾ ਹੈ ਕਿ ਐਮਰਜੈਂਸੀ ਮੈਡੀਸਨ ਡਿਪਾਰਟਮੈਂਟ ਵਿਚ ਨਿਯਮਤ ਤੌਰ 'ਤੇ ਕੋਈ ਵਿਦਿਆਰਥੀ ਨਹੀਂ ਜਾਂਦਾ, ਕਿਉਂਕਿ ਉਨ੍ਹਾਂ ਨਾਲ ਗੱਲ ਕਰਨ ਲਈ ਕੈਜ਼ੁਐਲਟੀ ਮੈਡੀਕਲ ਅਫਸਰ ਤੋਂ ਇਲਾਵਾ ਕੋਈ ਹੋਰ ਨਹੀਂ ਹੁੰਦਾ। ਐਮਰਜੈਂਸੀ ਮੈਡੀਸਨ ਡਿਪਾਰਟਮੈਂਟ ਵਿਚ ਵਿਦਿਆਰਥੀਆਂ ਦੀ ਡਿਊਟੀ ਦਾ ਮਤਲਬ ਉਨ੍ਹਾਂ ਲਈ ਬ੍ਰੇਕ ਪੀਰੀਅਡ ਹੁੰਦਾ ਹੈ।

ਇਸ ਰਿਪੋਰਟ ਦੇ ਸਾਹਮਣੇ ਆਉਣ ਨਾਲ ਕੇਂਦਰ ਸਰਕਾਰ ਦੀ ਸਿਹਤ ਨੀਤੀ ਦੀ ਪੋਲ ਖੁੱਲ੍ਹ ਗਈ ਹੈ। ਇਸ ਤੋਂ ਪਹਿਲਾਂ ਦਰਭੰਗਾ ਵਿਚ ਖੁੱਲ੍ਹੇ ਏਮਜ਼ ਦੀ ਕਾਫੀ ਚਰਚਾ ਹੋਈ ਸੀ। ਮੀਡੀਆ ਦੇ ਲੋਕ ਉਥੇ ਗਏ ਤਾਂ ਰੜੇ ਖੇਤ ਹੀ ਨਜ਼ਰ ਆਏ ਸਨ।

ਸਿੱਖਿਆ

ਬੱਚਿਆਂ ਨੂੰ ਵੱਧ ਪੜ੍ਹਾਈ ਕਰਾਉਣ ਦਾ ਕੋਈ ਫਾਇਦਾ ਨਹੀਂ, ਜੇ ਉਨ੍ਹਾਂ ਨੂੰ ਹਰ ਮਸਲੇ ਬਾਰੇ ਕੀ, ਕਿਉਂ, ਕਿੱਦਾਂ, ਕਿਵੇਂ, ਕਿਸ ਨੇ ਅਤੇ ਕਿੱਥੇ ਬਾਰੇ ਸੋਚਣਾ ਨਹੀਂ ਸਿਖਾਉਂਦੇ। ਪੜ੍ਹਾਈ ਦਾ ਮੁੱਖ ਮਕਸਦ ਆਪਣੇ ਨਾਲ ਹੁੰਦੀ ਲੁੱਟ ਬਾਰੇ ਜਾਣੂ ਹੋਣਾ ਹੁੰਦਾ ਹੈ ਜਾਂ ਆਪਣੇ ਨਾਲ ਹੋ ਰਹੇ ਧੱਕੇ ਬਾਰੇ ਜਾਣੂ ਹੋਣਾ ਹੁੰਦਾ ਹੈ । ਉਹ ਲੁੱਟ ਭਾਵੇਂ ਧਾਰਮਕ ਤੌਰ 'ਤੇ ਹੁੰਦੀ ਹੋਵੇ, ਰਿਸ਼ਵਤ ਰਾਹੀਂ ਹੁੰਦੀ ਹੋਵੇ, ਸਰਮਾਏਦਾਰਾਂ ਰਾਹੀਂ ਹੁੰਦੀ ਹੋਵੇ ਅਤੇ ਭਾਵੇਂ ਸਰਕਾਰ ਰਾਹੀਂ ਹੁੰਦੀ ਹੋਵੇ ਇਨ੍ਹਾਂ ਲੁੱਟਾਂ ਦਾ ਪਤਾ ਤਾਂ ਹੀ ਲੱਗਦਾ ਹੈ, ਜੇ ਹਰ ਮਸਲੇ ਨੂੰ ਤਰਕ ਦੀ ਕਸੌਟੀ 'ਤੇ ਪਰਖਿਆ ਜਾਵੇ। ਤਰਕ ਦੀ ਕਸੌਟੀ 'ਤੇ ਤਾਂ ਹੀ ਪਰਖਿਆ ਜਾ ਸਕਦਾ ਹੈ, ਜਦੋਂ ਅਸੀਂ ਸਵਾਲ ਕਰਨ ਅਤੇ ਜਵਾਬ ਲੱਭਣ ਦੇ ਯੋਗ ਹੋਈਏ। ਜੇਕਰ ਬੱਚੇ ਹਰ ਮਸਲੇ ਬਾਰੇ ਉਪਰੋਕਤ ਸਵਾਲ ਕਰਨਗੇ ਤਾਂ ਹੀ ਉਨ੍ਹਾਂ ਦਾ ਦਿਮਾਗ ਮਸਲਿਆਂ ਦੇ ਹੱਲ ਬਾਰੇ ਸੋਚੇਗਾ।

ਦਿਮਾਗ ਕਿਸੇ ਦਾ ਵੱਧ ਜਾਂ ਘੱਟ ਨਹੀਂ ਹੁੰਦਾ, ਜਿਹੜੇ ਦਿਮਾਗ ਨੂੰ ਵੱਧ ਸਵਾਲ ਕਰਦੇ ਹਨ। ਉਨ੍ਹਾਂ ਦਾ ਦਿਮਾਗ ਵੱਧ ਜਵਾਬ ਲੱਭਦਾ ਹੈ ਦਿਮਾਗ ਦੀ ਕਸਰਤ ਵੀ ਸੋਚਣਾ ਹੀ ਹੁੰਦੀ ਹੈ। ਜਿਹੜੇ ਆਪਣੇ ਬੱਚਿਆਂ ਨੂੰ ਕਿਸਮਤ ਅਤੇ ਰੱਬ ਅਨੁਸਾਰ ਜ਼ਿੰਦਗੀ ਜਿਉਣਾ ਸਿਖਾਉਂਦੇ ਹਨ, ਉਨ੍ਹਾਂ ਬੱਚਿਆਂ ਦੇ ਦਿਮਾਗ ਪ੍ਰਸ਼ਨ ਕਰਨਾ ਭੁੱਲ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਆਮ ਜ਼ਿੰਦਗੀ ਦੀਆਂ ਗੁੰਝਲਾਂ ਦੇ ਜਵਾਬ ਵੀ ਨਹੀਂ ਮਿਲਦੇ, ਉਹ ਬੱਚੇ ਆਮ ਜ਼ਿੰਦਗੀ ਦੀਆਂ ਗੁੰਝਲਾਂ ਦੇ ਹੱਲ ਲੱਭਣ ਦੀ ਬਜਾਏ ਡੇਰਿਆਂ, ਸਾਧਾਂ-ਸੰਤਾਂ, ਧਾਰਮਕ ਅਸਥਾਨਾਂ 'ਤੇ ਸੁੱਖਾਂ ਸੁੱਖਦੇ, ਪ੍ਰਾਰਥਨਾਵਾਂ ਕਰਦੇ ਅਤੇ ਰੱਬ ਅੱਗੇ ਤਰਲੇ ਕਰਦੇ ਆਮ ਦਿਖਾਈ ਦਿੰਦੇ ਹਨ ਉਹ ਬੱਚੇ ਰੱਬ ਕੋਲੋਂ ਉਨ੍ਹਾਂ ਗਲਤੀਆਂ ਦੀਆਂ ਭੁੱਲਾਂ ਬਖਸ਼ਾਉਂਦੇ ਰਹਿੰਦੇ ਹਨ, ਜਿਹੜੀਆਂ ਉਨ੍ਹਾਂ ਕਦੇ ਕੀਤੀਆਂ ਹੀ ਨਹੀਂ , ਇਸੇ ਨੂੰ ਮਾਨਸਿਕ ਗੁਲਾਮੀ ਕਿਹਾ ਜਾਂਦਾ ਹੈ। ਵਿਦੇਸ਼ਾਂ ਵਿੱਚ ਲੋਕ ਰੱਬ ਅਤੇ ਕਿਸਮਤ ਤੇ ਬਹੁਤ ਘੱਟ ਯਕੀਨ ਕਰਦੇ ਹਨ, ਇਸੇ ਕਰਕੇ ਚੰਗਾ ਜੀਵਨ ਜਿਉਂਦੇ ਹਨ।

ਆਓ, ਆਪਣੇ ਬੱਚਿਆਂ ਨੂੰ ਲਾਈਲੱਗ ਬਣਾਉਣ ਦੀ ਬਜਾਏ ਵਿਗਿਆਨੀ ਬਣਾਈਏ, ਜਿਨ੍ਹਾਂ 'ਤੇ ਇਕੱਲੇ ਤੁਹਾਨੂੰ ਹੀ ਨਹੀਂ ਪੂਰੀ ਦੁਨੀਆ ਨੂੰ ਮਾਣ ਹੋਵੇ। ਤੁਹਾਡਾ ਇਹ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਦੀ ਜ਼ਿੰਦਗੀ ਬਦਲ ਦੇਵੇਗਾ

-ਅਵਤਾਰ ਤਰਕਸ਼ੀਲ ਨਿਊ ਜ਼ੀਲੈਂਡ, 006421392147

ਧਰਮ ਨਿਰਪੱਖਤਾ ਅਤੇ ਸਮਾਜਵਾਦ ਦੇ ਧਾਰਨੀ ਸਨ ਸਵਾਮੀ ਵਿਵੇਕਾਨੰਦ

ਮੂਲ : ਡਾ. ਨਿਤੀਸ਼ ਸੇਨਗੁਪਤਾ
ਅਨੁ : ਐੱਮ ਐੱਸ ਭਾਟੀਆ

1893 ਈਸਵੀ ਦੀ ਸ਼ਿਕਾਗੋ ਦੀ ਧਰਮ ਸੰਸਦ ਵਿੱਚ ਸਵਾਮੀ ਵਿਵੇਕਾਨੰਦ ਦਾ ਸੰਦੇਸ਼ ਭਾਰਤ ਅਤੇ ਦੁਨੀਆ ਲਈ ਇੱਕ ਸਦੀ ਤੋਂ ਬਾਅਦ ਵੀ ਓਨਾ ਹੀ ਢੁਕਵਾਂ ਹੈ, ਜਿੰਨਾ ਉਸ ਸਮੇਂ ਸੀ। ਵਿਵੇਕਾਨੰਦ ਸਿਰਫ ਇੱਕ ਧਾਰਮਿਕ ਸੰਤ ਹੀ ਨਹੀਂ ਸਨ, ਸਗੋਂ ਇੱਕ ਵਿਸ਼ਵ-ਵਿਆਪੀ ਧਰਮ ਦੀ ਧਾਰਨਾ ਦਾ ਪ੍ਰਚਾਰ ਕਰਨ ਵਾਲੇ ਇੱਕ ਵੇਦਾਂਤੀ ਅਧਿਆਪਕ ਸਨ; ਭਾਰਤ ਦੇ ਪਹਿਲੇ ਸਮਾਜਵਾਦੀ, ਇੱਕ ਅਗਾਂਹਵਧੂ ਰਾਸ਼ਟਰਵਾਦੀ ਅਤੇ ਇੱਕ ਸੱਚੇ ਅੰਤਰਰਾਸ਼ਟਰੀਵਾਦੀ ਜੋ ਆਪਣੇ ਸਮੇਂ ਤੋਂ ਅੱਗੇ ਸਨ, ਉਹ ਇੱਕ ਸਮਾਜ ਸੁਧਾਰਕ ਕਾਰਕੁਨ, ਇੱਕ ਸਿੱਖਿਆ ਸ਼ਾਸਤਰੀ ਅਤੇ ਸਭ ਤੋਂ ਵੱਧ, ਇੱਕ ਮਨੁੱਖਤਾਵਾਦੀ ਇਨਸਾਨ ਜੋ ਹਰ ਮਨੁੱਖ ਅੰਦਰਲੀ ਮਹਾਨਤਾ ਵਿੱਚ ਵਿਸ਼ਵਾਸ ਰੱਖਦੇ ਸਨ। ਸ਼ਿਕਾਗੋ ਪਾਰਲੀਮੈਂਟ ਵਿੱਚ ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਆਪਣੇ ਧਰਮ ਦੀ ਮਹਾਨਤਾ 'ਤੇ ਜ਼ੋਰ ਦਿੰਦੇ ਹੋਏ ਦੂਜੇ ਧਰਮਾਂ ਨੂੰ ਨਿੰਦਣ ਦੀ ਪ੍ਰਚਲਿਤ ਪ੍ਰਵਿਰਤੀ ਨੂੰ ਨਕਾਰਦੇ ਹੋਏ ਸਾਰੇ ਧਰਮਾਂ ਦੀ ਬੁਨਿਆਦੀ ਏਕਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਨੂੰ ਆਪਣੇ ਬੁਨਿਆਦੀ ਸਿਧਾਂਤਾਂ ਪ੍ਰਤੀ ਸਮਰਪਿਤ ਹੋਣ ਦੀ ਅਪੀਲ ਕੀਤੀ।

ਕੋਈ ਵੀ ਉਨ੍ਹਾਂ ਦੇ ਕਹੇ ਇਹਨਾਂ ਸ਼ਬਦਾਂ ਨੂੰ ਅਣਡਿੱਠ ਨਹੀਂ ਕਰ ਸਕਦਾ, "ਇਸਾਈ ਨੂੰ ਹਿੰਦੂ ਜਾਂ ਬੋਧੀ ਨਹੀਂ ਬਣਨਾ ਹੈ ਅਤੇ ਨਾ ਹੀ ਹਿੰਦੂ ਜਾਂ ਬੋਧੀ ਨੇ ਈਸਾਈ ਬਣਨਾ ਹੈ, ਪਰ ਹਰੇਕ ਨੂੰ ਦੂਜੇ ਦੀ ਭਾਵਨਾ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਆਪਣੇ ਵਿਅਕਤੀਤਵ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ ਅਤੇ ਆਪਣੇ ਧਰਮ ਦੇ ਵਿਕਾਸ ਦੇ ਨਿਯਮਾਂ ਅਨੁਸਾਰ ਅੱਗੇ ਵਧਣਾ ਚਾਹੀਦਾ ਹੈ। ਹਰ ਧਰਮ ਨੇ ਸਭ ਤੋਂ ਉੱਚੇ ਕਿਰਦਾਰ ਵਾਲੇ ਪੁਰਸ਼ ਅਤੇ ਔਰਤਾਂ ਪੈਦਾ ਕੀਤੀਆਂ ਹਨ। ਜੇਕਰ ਇਸ ਦੇ ਮੱਦੇਨਜ਼ਰ ਕੋਈ ਵੀ ਵਿਅਕਤੀ ਆਪਣੇ ਹੀ ਧਰਮ ਦੇ ਬਚਾਅ ਅਤੇ ਦੂਜਿਆਂ ਦੇ ਧਰਮ ਦੇ ਵਿਨਾਸ ਦਾ ਸੁਪਨਾ ਲੈਂਦਾ ਹੈ, ਤਾਂ ਮੈਂ ਆਪਣੇ ਦਿਲ ਦੀ ਗਹਿਰਾਈ ਤੋਂ ਉਸ 'ਤੇ ਤਰਸ ਖਾਵਾਂਗਾ।

ਸਦੀਵੀ ਸਰਵ ਵਿਆਪਕ ਧਰਮ ਦਾ ਇਹ ਵੇਦਾਂਤਿਕ ਸੰਕਲਪ ਸਿਰਫ ਹਿੰਦੂਆਂ ਦੀ ਹੀ ਜਾਇਦਾਦ ਨਹੀਂ ਹੋ ਸਕਦਾ। ਸਾਰੀ ਮਨੁੱਖ ਜਾਤੀ ਦੀ ਏਕਤਾ ਵਿੱਚ ਵਿਸ਼ਵਾਸ ਕਰਦੇ ਹੋਏ ਅਤੇ ਇੱਕ ਹੀ ਪ੍ਰਮਾਤਮਾ ਆਪਣੇ ਆਪ ਨੂੰ ਸਾਰੇ ਜੀਵਾਂ ਦੁਆਰਾ ਪ੍ਰਗਟ ਕਰਦਾ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇੱਕ ਧਰਮ ਦੇ ਰੂਪ ਵਿੱਚ ਇਸਲਾਮ ਮਨੁੱਖਤਾ ਦੀ ਸਮਾਨਤਾ ਦੇ ਇਸ ਵੇਦਾਂਤਿਕ ਸੰਕਲਪ ਨੂੰ ਪ੍ਰਾਪਤ ਕਰਨ ਵਿੱਚ ਸਭ ਤੋਂ ਅੱਗੇ ਲੰਘ ਗਿਆ ਹੈ। ਆਪਣੇ ਇੱਕ ਦੋਸਤ ਸਰਫਰਾਜ ਖਾਨ ਨੂੰ ਲਿਖੀ ਚਿੱਠੀ ਵਿਚ ਉਨ੍ਹਾ ਨੇ ਕਿਹਾ "ਮੈਂ ਆਪਣੇ ਭਾਰਤ ਨੂੰ ਇੱਕ ਵੇਦਾਂਤਿਕ ਮੁਖੀਆ ਦੇ ਨਾਲ ਇੱਕ ਇਸਲਾਮੀ ਦੇਸ਼ ਦੇ ਰੂਪ ਵਿੱਚ ਦੇਖਣਾ ਕਿਵੇਂ ਚਾਹਾਂਗਾ"। ਇਸੇ ਤਰ੍ਹਾਂ "ਜੇ ਤੁਸੀਂ ਇੱਕ ਮਸੀਹੀ ਪੈਦਾ ਹੋਏ ਹੋ, ਤਾਂ ਚੰਗੇ ਮਸੀਹੀ ਬਣੋ। ਜੇ ਤੁਸੀਂ ਹਿੰਦੂ ਪੈਦਾ ਹੋਏ ਹੋ, ਤਾਂ ਇੱਕ ਚੰਗੇ ਹਿੰਦੂ ਬਣੋ ਅਤੇ ਜੇਕਰ ਤੁਸੀਂ ਮੁਸਲਮਾਨ ਪੈਦਾ ਹੋਏ ਹੋ, ਤਾਂ ਇੱਕ ਚੰਗੇ ਮੁਸਲਮਾਨ ਬਣੋ"।

ਉਸ ਪੀੜ੍ਹੀ ਲਈ ਜੋ ਅਯੁੱਧਿਆ ਦੇ ਵਰਤਾਰੇ ਤੋਂ ਦੁਖੀ ਹੈ, ਇਹ ਸੱਚਮੁੱਚ ਬਹੁਤ ਹੀ ਦਿਲਾਸਾ ਦੇਣ ਵਾਲੇ ਸ਼ਬਦ ਹਨ। ਇੱਕੋ ਹੀ ਪ੍ਰਮਾਤਮਾ ਦੇ ਵੱਖ-ਵੱਖ ਨਾਵਾਂ 'ਤੇ ਪੂਜਾ ਕਰਨ ਦੇ ਨਿਵੇਕਲੇ ਅਧਿਕਾਰ ਲਈ ਲੜ ਰਹੀਆਂ ਵੱਖ-ਵੱਖ ਸੰਪਰਦਾਵਾਂ ਸਵਾਮੀ ਵਿਵੇਕਾਨੰਦ ਦੇ ਵਿਚਾਰਾਂ ਦੇ ਉਲਟ ਹਨ। ਉਹ ਇਹ ਦੇਖਣਾ ਪਸੰਦ ਕਰਨਗੇ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਰੱਬ ਨੂੰ ਪ੍ਰਾਰਥਨਾ ਕਰਦੇ ਹਨ ਆਪਣੇ-ਆਪਣੇ ਤਰੀਕੇ ਨਾਲ ਇੱਕ-ਦੂਜੇ ਨੂੰ ਪਰੇਸ਼ਾਨ ਕੀਤੇ ਬਿਨਾਂ, ਇੱਕੋ ਥਾਂ 'ਤੇ ਅਤੇ ਇਕਸੁਰਤਾ ਵਿੱਚ ਰਹਿ ਕੇ ।

"ਅਦਵੈਤਵਾਦ ਆਉਣ ਵਾਲੀ ਮਨੁੱਖਤਾ ਨੂੰ ਰੋਸ਼ਨ ਕਰਨ ਵਾਲਾ ਧਰਮ ਹੈ। ਵਿਹਾਰਕ ਅਦਵੈਤਵਾਦ ਸਾਰੀ ਮਨੁੱਖਜਾਤੀ ਵਿੱਚ ਇੱਕ ਹੀ ਆਤਮਾ ਵੇਖਦਾ ਹੈ। ਹਿੰਦੂਆਂ ਵਿੱਚ ਇਹ ਵਿਸ਼ਵਵਿਆਪੀ ਤੌਰ 'ਤੇ ਕਦੇ ਵੀ ਵਿਕਸਤ ਨਹੀਂ ਹੋਇਆ ਸੀ। ਜੇਕਰ ਕੋਈ ਧਰਮ ਇਸ ਸਮਾਨਤਾ ਤੱਕ ਪਹੁੰਚਦਾ ਹੈ ਤਾਂ ਉਹ ਇਕੱਲਾ ਇਸਲਾਮ ਹੈ"। ਇਹ ਵੇਦਾਂਤ ਹੀ ਸੀ, ਜਿਸ ਕਰਕੇ ਉਹਨਾਂ ਦੇ ਵਿਚਾਰ ਦੇ ਕਈ ਹੋਰ ਰੂਪ ਵਿਕਸਿਤ ਹੋਏ। ਉਹ ਚਾਹੁੰਦੇ ਸਨ ਕਿ ਜਾਤ-ਪਾਤ ਦਾ ਪੂਰੀ ਤਰ੍ਹਾਂ ਖਾਤਮਾ ਕੀਤਾ ਜਾਵੇ, ਗਰੀਬ ਤਬਕੇ ਦੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇ ਅਤੇ ਪੁਜਾਰੀਆਂ ਦੇ ਜ਼ੁਲਮ ਅਤੇ ਅਸ਼ਲੀਲ ਕਰਮਕਾਂਡਾਂ ਤੋਂ ਮੁਕਤ ਕੀਤਾ ਜਾਵੇ। ਮਨੁੱਖ ਪਰਮਾਤਮਾ ਦਾ ਅਵਤਾਰ ਹੈ। ਜੇਕਰ ਅਜਿਹਾ ਹੈ, ਜੇਕਰ ਹਰ ਆਤਮਾ ਵਿੱਚ ਪਰਮਾਤਮਾ ਵੱਸਦਾ ਹੈ, ਤਾਂ ਕੋਈ ਉੱਚੀ ਜਾਤ, ਕੋਈ ਨੀਵੀਂ ਜਾਤ, ਕੋਈ ਮਾਲਕ ਜਾਂ ਗੁਲਾਮ ਨਹੀਂ ਹੋ ਸਕਦਾ। ਇੱਕ ਸੱਚੇ ਵੇਦਾਂਤਵਾਦੀ ਲਈ ਕਿਸੇ ਇਨਸਾਨ ਲਈ ਉਸ ਦੇ ਜਨਮ ਦੇ ਅਧਾਰ 'ਤੇ ਕੋਈ ਅੰਤਰ ਜਾਂ ਵਿਸ਼ੇਸ਼ ਅਧਿਕਾਰ ਦੀ ਕੋਈ ਥਾਂ ਨਹੀਂ ਹੈ ਅਤੇ ਕੌਮਾਂ ਵਿਚਕਾਰ ਵੀ ਮੱਤਭੇਦ ਦੀ ਕੋਈ ਥਾਂ ਨਹੀਂ ਹੈ। ਜਿਸ ਤਰ੍ਹਾਂ ਇੱਕ ਸਰੀਰ ਜਿਸ ਦੇ ਸਾਰੇ ਅੰਗਾਂ ਵਿੱਚੋਂ ਲਹੂ ਨਹੀਂ ਦੌੜਦਾ, ਉਹ ਰੋਗੀ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਸਮਾਜ ਵਿੱਚ ਵੀ, ਜਿੱਥੇ ਲੋਕਾਂ ਦੇ ਵੱਡੇ ਹਿੱਸੇ ਨੂੰ ਪਛਾੜ ਕੇ ਰੱਖਿਆ ਜਾਂਦਾ ਹੈ ਅਤੇ ਬੁਨਿਆਦੀ ਸਹੂਲਤਾਂ ਅਤੇ ਸਿੱਖਿਆ ਤੋਂ ਵਾਂਝਾ ਰੱਖਿਆ ਜਾਂਦਾ ਹੈ, ਉਸ ਲਈ ਵੀ ਅਜਿਹਾ ਹੀ ਹੁੰਦਾ ਹੈ।

ਸਵਾਮੀ ਵਿਵੇਕਾਨੰਦ ਦੇ ਹਲੂਣਾ ਦੇਣ ਵਾਲੇ ਸ਼ਬਦਾਂ ਵਿਚ "ਪਿਛਲੇ 600 ਜਾਂ 700 ਸਾਲਾਂ ਦੇ ਨਿਘਾਰ ਬਾਰੇ ਸੋਚੋ, ਜਦੋਂ ਵੱਡੇ ਆਦਮੀ ਸਾਲਾਂ ਤੋਂ ਇਸ ਗੱਲ 'ਤੇ ਵਿਚਾਰ ਕਰਦੇ ਰਹੇ ਹਨ ਕਿ ਉਨ੍ਹਾਂ ਨੂੰ ਸੱਜੇ ਹੱਥ ਨਾਲ ਪਾਣੀ ਦਾ ਗਲਾਸ ਪੀਣਾ ਚਾਹੀਦਾ ਹੈ ਜਾਂ ਖੱਬੇ ਹੱਥ ਨਾਲ, ਕੀ ਉਨ੍ਹਾਂ ਨੂੰ ਪੰਜ ਜਾਂ ਛੇ ਵਾਰ ਗਰਾਰੇ ਕਰਨੇ ਚਾਹੀਦੇ ਹਨ। ਸਾਡਾ ਧਰਮ ਰਸੋਈ ਵਿੱਚ ਹੈ। ਸਾਡਾ ਰੱਬ ਰਸੋਈ ਵਿੱਚ ਹੈ ਅਤੇ ਫੇਰ ਸਾਡਾ ਧਰਮ ਹੈ 'ਮੈਨੂੰ ਨਾ ਛੂਹੋ, ਮੈਂ ਪਵਿੱਤਰ ਹਾਂ'।

ਉਨ੍ਹਾਂ ਲਈ ਜਾਤਪਾਤ ਦੀ ਸਮੱਸਿਆ ਵੱਡੀ ਰਾਸ਼ਟਰੀ ਸਮੱਸਿਆ ਦਾ ਹਿੱਸਾ ਸੀ। ਇਸ ਦੇ ਹੱਲ ਲਈ ਉਨ੍ਹਾਂ ਨੇ ਲੋਕਾਂ ਵਿੱਚ ਅਧਿਆਤਮਿਕ ਅਤੇ ਧਰਮ ਨਿਰਪੱਖ ਗਿਆਨ ਦੇ ਮੁਫਤ ਪ੍ਰਵਾਹ ਅਤੇ ਮੌਕਿਆਂ ਦੇ ਮੁਫਤ ਪ੍ਰਵਾਹ ਦਾ ਸੁਝਾਅ ਦਿੱਤਾ, ਤਾਂ ਜੋ ਸਾਰੇ ਜਾਤ-ਪਾਤ ਦੀਆਂ ਬੁਰਾਈਆਂ ਨੂੰ ਵੇਖ ਸਕਣ ਅਤੇ ਅਪਮਾਨ ਅਤੇ ਸ਼ੋਸ਼ਣ ਦਾ ਵਿਰੋਧ ਕਰ ਸਕਣ। "ਧਰਮ ਨਾ ਤਾਂ ਕਿਤਾਬਾਂ ਵਿੱਚ ਹੈ, ਨਾ ਬੌਧਿਕ ਸਹਿਮਤੀ ਵਿੱਚ ਅਤੇ ਨਾ ਹੀ ਤਰਕ ਵਿੱਚ। ਤਰਕ, ਸਿਧਾਂਤ, ਹੱਠ, ਕਿਤਾਬਾਂ ਅਤੇ ਰਸਮਾਂ, ਸਭ ਧਰਮ ਲਈ ਸਹਾਇਕ ਹਨ। ਧਰਮ ਆਪਣੇ-ਆਪ ਵਿੱਚ ਅਨੁਭਵ ਨਾਲ ਜੁੜਿਆ ਹੋਇਆ ਹੈ।"

ਇੱਕ ਸੱਚੇ ਵੈਦਾਤਿਕ ਲਈ, ਇਹ ਸਾਰੀਆਂ ਰਸਮਾਂ ਜੋ ਪੁਜਾਰੀ ਪ੍ਰਚਾਰਦੇ ਹਨ, ਅਰਥਹੀਣ ਸਨ। "ਸਦੀਆਂ ਤੋਂ ਇਹ ਪੁਜਾਰੀ ਧਰਮ ਵਜੋਂ ਸਾਡੇ ਪਿੱਛੇ ਪਏ ਅੰਮ੍ਰਿਤ ਦੇ ਅਨਾਦਿ ਚਸਮੇ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਛੱਪੜਾਂ ਵਿਚੋਂ ਪਾਣੀ ਕੱਢ ਰਹੇ ਹਨ । ਉਨ੍ਹਾਂ ਦੇ ਅਨੁਸਾਰ ਜਨਤਾ ਦੇ ਵੱਡੇ ਹਿੱਸੇ ਦੀ ਅਣਦੇਖੀ ਸਾਡੇ ਪਤਨ ਦਾ ਇੱਕ ਕਾਰਨ ਹੈ, ਜਿਸ ਨੂੰ ਮੈਂ ਵੱਡੇ ਰਾਸ਼ਟਰੀ ਪਾਪ ਵਜੋਂ ਦੇਖਦਾ ਹਾਂ। ਕਿਸੇ ਕਿਸਮ ਦੀ ਰਾਜਨੀਤੀ ਦਾ ਉਦੋਂ ਤ

4-OCT-PAGE-5.qxd 10/3/2023 10:17 PM Page 1

ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਸੱਦੇ 'ਤੇ ਪ੍ਰਧਾਨ ਮੰਤਰੀ ਦੇ ਪੁਤਲੇ ਫੂਕੇ

ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਅਜੇ ਮਿਸ਼ਰਾ ਟੈਨੀ ਤੇ ਅਸ਼ਿਸ਼ ਮਿਸ਼ਰਾ ਟੈਨੀ ਨੂੰ ਸਜ਼ਾਵਾਂ ਦਿਵਾਉਣ ਤੱਕ ਸੰਘਰਸ਼ ਜਾਰੀ ਰਹੇਗਾ

ਸੰਗਰੂਰ

ਕੋਟ ਈਸੇ ਖਾਂ

ਦਿੜ੍ਹਬਾ

ਰਾਮਪੁਰਾ ਫੂਲ

ਸੰਗਰੂਰ (ਪ੍ਰਵੀਨ ਸਿੰਘ)-ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਸੱਦੇ 'ਤੇ ਸੰਗਰੂਰ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਵੱਖ ਵੱਖ ਜਥੇਬੰਦੀਆਂ ਦੇ ਕਾਰਕੁਨ ਅੱਜ ਸੁਤੰਤਰ ਭਵਨ ਵਿਖੇ ਇਕੱਠੇ ਹੋਏ ਤੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਰੇਲਵੇ ਚੌਕ ਸੰਗਰੂਰ ਪਹੁੰਚ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ

ਗੁਰੂ ਹਰਸਹਾਏ

ਪੁਤਲਾ ਫੂਕਿਆ ਗਿਆ। ਇਸ ਮੌਕੇ ਬੋਲਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਜਨਾਲ ਨੇ ਕਿਹਾ ਕਿ ਕੇਂਦਰ ਸਰਕਾਰ ਲਖੀਮਪੁਰ ਖੀਰੀ 'ਚ ਸ਼ਹੀਦ ਹੋਏ ਕਿਸਾਨਾਂ ਦੇ ਕਥਿਤ ਦੋਸ਼ੀ ਕੇਂਦਰੀ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕੀਤਾ ਜਾਵੇ ਤੇ ਸਖਤ ਸਜ਼ਾਵਾਂ ਦਿੱਤੀਆਂ ਜਾਣ। ਇਸ ਮੌਕੇ ਕਿਸਾਨ ਆਗੂ ਨਿਰਮਲ ਬਟੜਿਆਣਾ, ਉਧਮ ਸਿੰਘ ਸੰਤੋਖਪੁਰਾ, ਲਾਭ ਸਿੰਘ, ਸੀਟੂ ਆਗੂ ਇੰਦਰਪਾਲ ਪੁੰਨਵਾਲ, ਰਾਮ ਸਿੰਘ ਸੋਹੀਆਂ, ਜਨਵਾਦੀ ਨੌਜਵਾਨ ਸਭਾ ਦੇ ਆਗੂ ਵਰਿੰਦਰ ਕੌਸ਼ਿਕ ਤੇ ਸਤਵੀਰ ਤੁੰਗਾਂ, ਅਮਰੀਕ ਸਿੰਘ ਤੁੰਗਾਂ, ਮੱਘਰ ਸਿੰਘ, ਸੋਹਨ ਲਾਲ, ਆਤਮਾ ਸਿੰਘ, ਜਗਤਾਰ ਸ਼ੇਰਗੜ੍ਹ ਹਾਜ਼ਰ ਸਨ।

ਮੱਖੂ (ਰਛਪਾਲ ਸਿੰਘ ਸੰਧੂ) : ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮਖੂ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਪ੍ਰਧਾਨ ਵੀਰ ਸਿੰਘ, ਲਖਵਿੰਦਰ ਸਿੰਘ ਬਸਤੀ ਨਾਮਦੇਵ ਦੀ ਅਗਵਾਈ 'ਚ ਲਖੀਮਪੁਰ ਘਟਨਾ ਦੇ ਦੋਸ਼ੀ ਤੇ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਇਸ

ਮਖੂ

ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਅੰਦੋਲਨ ਦੌਰਾਨ ਯੂ ਪੀ ਦੇ ਲਖੀਮਪੁਰ ਖੀਰੀ ਵਿਖੇ 3 ਅਕਤੂਬਰ 2021 ਨੂੰ ਕੇਂਦਰੀ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਇਸ਼ਾਰੇ 'ਤੇ ਉਸ ਦੇ ਬੇਟੇ ਅਸ਼ੀਸ਼ ਮਿਸ਼ਰਾ ਟੈਨੀ ਨੇ 4 ਕਿਸਾਨਾਂ ਤੇ ਇੱਕ ਪੱਤਰਕਾਰ ਨੂੰ ਗੱਡੀਆਂ ਨਾਲ ਦਰੜ ਕੇ ਸ਼ਹੀਦ ਕਰ ਦਿੱਤਾ ਸੀ। ਇਸ ਘਟਨਾ ਨੂੰ 2 ਸਾਲ ਬੀਤ ਜਾਣ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਮੁਲਜ਼ਮ ਅਜੇ ਮਿਸ਼ਰਾ ਨੂੰ ਮੰਤਰੀ ਦੀ ਕੁਰਸੀ ਤੋਂ ਲਾਹ ਕੇ ਉਸ 'ਤੇ ਕਾਰਵਾਈ ਨਹੀਂ ਕਰ ਰਹੀ ਤੇ ਅਸ਼ੀਸ਼ ਮਿਸ਼ਰਾ ਵੀ ਜੇਲ੍ਹ ਤੋਂ ਬਾਹਰ ਆ ਕੇ ਖੁੱਲੇਆਮ ਘੁੰਮ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਮੁਲਜ਼ਮਾਂ 'ਤੇ ਤੁਰੰਤ ਕਾਰਵਾਈ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਜਾਵੇ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ ਦਿੱਤਾ ਜਾਵੇ। ਦਿੱਲੀ ਅੰਦੋਲਨ ਦੀਆਂ ਰਹਿੰਦੀਆਂ ਮੰਗਾਂ ਵੀ ਲਾਗੂ ਕੀਤੀਆਂ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਝੋਨੇ ਦੀ ਖਰੀਦ ਕਰਨ ਲਈ ਕੇਂਦਰ ਸਰਕਾਰ ਬੇਲੋੜੀਆਂ ਸ਼ਰਤਾਂ ਮੜ੍ਹ ਰਹੀ ਹੈ, ਉਹ ਤੁਰੰਤ ਹਟਾਈਆਂ ਜਾਣ ਨਹੀਂ ਤਾਂ ਤਿੱਖਾ ਵਿਰੋਧ ਕੀਤਾ ਜਾਵੇਗਾ। ਹੜ੍ਹ ਪੀੜਤ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਤੁਰੰਤ ਦਿੱਤਾ ਜਾਵੇ ਤਾਂ ਜੋ ਕਿਸਾਨ ਅਗਲੀ ਫਸਲ ਬੀਜਣ ਦੀ ਤਿਆਰੀ ਕਰ ਸਕਣ। ਇਸ ਮੌਕੇ ਬਲਕਾਰ ਜੋਗੇਵਾਲਾ, ਕਮਲਜੀਤ ਸਿੰਘ ਚੱਕ ਮਹਰਾਣਾ, ਬਾਜ ਸਿੰਘ ਫੇਮੀਵਾਲਾ, ਸਾਬ ਸਿੰਘ ਤਲਵੰਡੀ

ਕੋਟ ਈਸੇ ਖਾਂ

ਨਿਪਾਲਾਂ, ਜਸਬੀਰ ਸਿੰਘ ਸੱਧਰਵਾਲਾ, ਸਾਬ ਸਿੰਘ ਕਿੱਲੀ ਗੁੱਦੇ, ਗੁਰਮੀਤ ਸਿੰਘ ਠੇਕੇਦਾਰ, ਅੰਗਰੇਜ਼ ਸਿੰਘ ਕੁਸੂਵਾਲਾ ਮੋੜ ਆਦਿ ਹਾਜ਼ਰ ਸਨ।

ਕੋਟ ਈਸੇ ਖਾਂ (ਅਰੋੜਾ) : ਖੇਤੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨ ਵਾਪਸ ਕਰਾਉਣ ਲਈ 2 ਸਾਲ ਪਹਿਲਾਂ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਵੱਲੋਂ ਕੀਤਾ ਗਿਆ ਇਤਿਹਾਸਕ ਸੰਘਰਸ਼, ਜਿਸ ਵਿੱਚ 735 ਕਿਸਾਨ ਸ਼ਹੀਦ ਹੋ ਗਏ ਸਨ ਅਤੇ ਜਿਸ ਦੇ ਨਤੀਜੇ ਵਜੋਂ ਪ੍ਰਧਾਨ ਮੰਤਰੀ ਨੂੰ ਇਸ ਸਬੰਧੀ ਬਕਾਇਦਾ ਮੁਆਫੀ ਵੀ ਮੰਗਣੀ ਪਈ ਅਤੇ ਸੰਸਦ ਵਿੱਚ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਵੀ ਕਰਨਾ ਪਿਆ ਸੀ। ਇਸੇ ਦੌਰਾਨ ਲਖੀਮਪੁਰ ਖੀਰੀ ਵਿੱਚ ਇਕ ਘਟਨਾ ਵਾਪਰੀ, ਜਿਸ ਵਿੱਚ ਚਾਰ ਕਿਸਾਨਾਂ ਤੇ ਇੱਕ ਪੱਤਰਕਾਰ ਦੀ ਜਾਨ ਚਲੀ ਗਈ ਸੀ। ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਲਈ ਇਹ ਇੱਕ ਗਿਣੀ ਮਿੱਥੀ ਸਾਜ਼ਿਸ਼ ਸੀ, ਜਿਸ ਵਿੱਚ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਤੇ ਉਸ ਦੇ ਪੁੱਤਰ ਅਸ਼ੀਸ਼ ਮਿਸ਼ਰਾ ਟੈਨੀ ਇਸ ਕਤਲੇਆਮ ਦੇ ਮਾਸਟਰ ਮਾਇੰਡ ਸਨ, ਜਿਨ੍ਹਾਂ ਵਿਰੁੱਧ ਪਰਚਾ ਦਰਜ ਹੋ ਗਿਆ ਹੈ ਅਤੇ ਹੁਣ ਇਹ ਮੰਗ ਕੀਤੀ ਜਾ ਰਹੀ ਹੈ ਕਿ ਗ੍ਰਹਿ ਰਾਜ ਮੰਤਰੀ

ਦੋਰਾਹਾ

ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕੀਤਾ ਜਾਵੇ। ਇਸੇ ਨੂੰ ਲੈ ਕੇ 24 ਅਗਸਤ 2023 ਨੂੰ ਦਿੱਲੀ ਦੇ ਤਾਲ ਕਟੋਰਾ ਸਟੇਡੀਅਮ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਇੱਕ ਸਰਬ ਭਾਰਤੀ ਸਾਂਝੀ ਕਨਵੈਨਸ਼ਨ ਦੌਰਾਨ ਤਿੰਨ ਅਕਤੂਬਰ ਨੂੰ ਸਾਰੇ ਦੇਸ਼ ਵਿੱਚ ਕੇਂਦਰ ਸਰਕਾਰ ਵਿਰੁੱਧ ਕਾਲੇ ਬਿੱਲੇ ਲਾ ਕੇ ਅਰਥੀ ਫੂਕਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਜਿਸ ਤਹਿਤ ਅੱਜ ਮੋਨ ਚੌਕ ਲਾਗੇ ਕਾਲੇ ਬਿੱਲੇ ਲਾ ਕੇ ਅਰਥੀ ਫੂਕਣ ਉਪਰੰਤ ਕੇਂਦਰ ਸਰਕਾਰ ਵਿਰੁੱਧ ਨਾਹਰੇਬਾਜ਼ੀ ਕੀਤੀ ਗਈ, ਜਿਨ੍ਹਾਂ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਸਰਜੀਤ ਸਿੰਘ ਗਗੜਾ ਵੱਲੋਂ ਅੱਜ ਦੇ ਕੀਤੇ ਗਏ ਐਕਸ਼ਨ ਸਬੰਧੀ ਵਿਸਥਾਰਤ ਜਾਣਕਾਰੀ ਮੁਹੱਈਆ ਕਰਵਾਈ ਗਈ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਜੀਤਾ ਸਿੰਘ ਨਾਰੰਗ, ਅਜਮੇਰ ਸਿੰਘ ਮਹਿਰੋਂ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਗੁਰਜੰਟ ਸਿੰਘ ਘੋਲੀਆ, ਸਰਵਨ ਕੁਮਾਰ ਸਦਰ ਕੋਟ, ਸੁਖਦੇਵ ਸਿੰਘ ਗਲੋਟੀ, ਮਨਜੀਤ ਸਿੰਘ, ਗੁਰਿੰਦਰ ਸਿੰਘ ਮਸੀਤਾਂ, ਰਜਿੰਦਰ ਪਾਲ ਸਿੰਘ, ਗੁਰਭੇਜ ਸਿੰਘ, ਪਿਆਰਾ ਸਿੰਘ ਜਾਨੀਆ, ਸੁਰਜਨਪਾਲ ਸਿੰਘ ਬਰਮਾ, ਗੁਰਪ੍ਰੀਤ ਸਿੰਘ ਗਗੜਾ, ਦਲਜੀਤ ਸਿੰਘ ਮਸੀਤਾਂ, ਹਰਜਿੰਦਰ ਸਿੰਘ ਮਸੀਤਾਂ, ਪਲਵਿੰਦਰ ਸਿੰਘ ਰਿੰਕੂ, ਹਰਮਨ ਪ੍ਰੀਤ ਸਿੰਘ, ਰਾਮ ਕ੍ਰਿਸ਼ਨ ਧਰਮਕੋਟ, ਗੁਰਸੇਵਕ ਸਿੰਘ ਕੰਡਿਆਲ ਆਦਿ ਹਾਜ਼ਰ ਸਨ।

ਰਾਮਪੁਰਾ ਫੂਲ (ਦਰਸ਼ਨ ਜਿੰਦਲ) : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਿੰਡ ਬਾਲਿਆਂਵਾਲੀ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਬਲਾਕ ਰਾਮਪੁਰਾ ਵੱਲੋਂ ਲਖੀਮਪੁਰ ਖੀਰੀ ਕਿਸਾਨ ਘੋਲ ਦੇ ਸ਼ਹੀਦਾਂ ਦੀ ਯਾਦ ਵਿੱਚ ਕਾਲੇ ਝੰਡਿਆਂ ਨਾਲ ਰੋਸ ਪਰਗਟ ਕਰਦਿਆਂ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਲੋਕਾਂ ਨੂੰ ਸੰਬੋਧਨ ਕਰਦਿਆਂ ਬੀ ਕੇ ਯੂ ਡਕੌਂਦਾ ਦੇ ਰਾਮਪੁਰਾ ਬਲਾਕ ਦੇ ਪ੍ਰਧਾਨ ਮਹਿੰਦਰ ਸਿੰਘ ਬਾਲਿਆਂਵਾਲੀ ਨੇ ਲਖੀਮਪੁਰ ਖੀਰੀ ਕਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਅਤੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ 'ਤੇ ਬਣਾਏ ਝੂਠੇ ਪੁਲਸ ਕੇਸ ਬਿਨਾਂ ਸ਼ਰਤ ਵਾਪਸ ਲਏ ਜਾਣ। ਇਸ ਸਮੇਂ ਬੀ ਕੇ ਯੂ ਡਕੌਂਦਾ ਦੇ ਆਗੂ ਜਗਦੀਸ਼ ਸਿੰਘ ਰਾਮਪੁਰਾ, ਸੁਖਜਿੰਦਰ ਸਿੰਘ ਰਾਮਪੁਰਾ, ਹੇਮ ਰਾਜ ਬਾਲਿਆਂਵਾਲੀ, ਪਰਮਜੀਤ ਸਿੰਘ ਪੰਮਾ ਰਾਮਪੁਰਾ, ਗੁਰਤੇਜ ਸਿੰਘ ਢੱਡੇ, ਸੁਰਜੀਤ ਸਿੰਘ ਰਮਾਣਾ ਮੰਡੀ ਕਲਾਂ, ਸੁਖਦੇਵ ਸਿੰਘ ਝੰਡੂਕੇ, ਜਸਵਿੰਦਰ ਕੌਰ ਝੰਡੂਕੇ, ਗੁਰਜੰਟ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਬਠਿੰਡਾ ਅਤੇ ਮਾਲਵਾ ਬਾਰੂ ਸਿੰਘ ਆਦਿ ਹਾਜ਼ਰ ਸਨ।

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) : ਇੱਥੇ ਐੱਸ ਡੀ ਐੱਮ ਦਫਤਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਵਿਆਪੀ ਸੱਦੇ 'ਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼) ਵਿੱਚ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉੱਪਰ ਗੱਡੀਆਂ ਚੜ੍ਹਾ ਕੇ ਮਾਰਨ ਵਾਲੇ ਅਸ਼ਿਸ਼ ਮਿਸ਼ਰਾ ਟੈਨੀ ਤੇ ਉਸ ਦੇ ਪਿਤਾ ਅਜੇ ਮਿਸ਼ਰਾ ਨੂੰ ਸਜ਼ਾਵਾਂ ਦਿਵਾਉਣ ਲਈ ਪੁਤਲਾ ਫੂਕ ਪ੍ਰਦਰਸ਼ਨ ਕੀਤਾ, ਉਥੇ ਸ਼ਹੀਦ ਹੋਏ ਕਿਸਾਨ ਆਗੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਮੋਠਾਂਵਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਮਾਸਟਰ ਪੂਰਨ ਚੰਦ ਪੰਜੇ ਕੇ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਕੋ-ਕਨਵੀਨਰ ਭਗਵਾਨ ਦਾਸ ਬਹਾਦਰ ਕੇ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਲਖਮੀਰਪੁਰਾ, ਚਰਨਜੀਤ ਸਿੰਘ ਛਾਂਗਾਰਾਏ ਨੇ ਕੀਤੀ। ਇਸ ਮੌਕੇ ਆਗੂਆਂ ਨੇ ਰੇਲਵੇ ਪਾਰਕ ਤੋਂ ਰੋਸ ਮਾਰਚ ਕਰਕੇ ਤਹਿਸੀਲ ਕੰਪਲੈਕਸ ਵਿੱਚ ਐੱਸ ਡੀ ਐੱਮ ਦੇ ਦਫਤਰ ਅੱਗੇ ਪੁਤਲਾ ਫੂਕਿਆ। ਇਸ ਮੌਕੇ ਇਸ ਰੋਸ ਪ੍ਰਦਰਸ਼ਨ 'ਚ ਸ਼ਾਮਲ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਉਕਤ ਆਗੂਆਂ ਨੇ ਕਿਹਾ ਕਿ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਲੜੇ ਜਾ ਰਹੇ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਕੈਬਨਿਟ ਮੰਤਰੀ ਵਿਜੇ ਮਿਸ਼ਰਾ ਦੇ ਲੜਕੇ ਟੈਨੀ ਮਿਸ਼ਰਾ ਰਾਹੀਂ ਲਖੀਮਪੁਰ ਖੀਰੀ 'ਚ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਵਾਲੇ ਕਿਸਾਨ ਨੂੰ ਜਾਣਬੁੱਝ ਗੱਡੀਆਂ ਹੇਠ ਕੁਚਲਣਾ ਕੇਂਦਰ ਸਰਕਾਰ ਦਾ ਬਹੁਤ ਘਿਨਾਉਣਾ ਕਾਰਾ ਸੀ, ਜਿਸ ਨਾਲ ਕੇਂਦਰ ਸਰਕਾਰ ਦਾ ਬੌਖਲਾਇਆ ਚਿਹਰਾ ਜੱਗ ਜ਼ਾਹਰ ਹੁੰਦਾ ਹੈ। ਆਗੂਆਂ ਨੇ ਸਖਤ ਸ਼ਬਦਾਂ 'ਚ ਕੇਂਦਰ ਦੀ ਨਿੰਦਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ ਹੱਕਾਂ ਲਈ ਲੜਦੇ ਨਿਰਦੋਸ਼ ਕਿਸਾਨਾਂ ਨੂੰ ਜਾਣ-ਬੁੱਝ ਕੇ ਸੋਚੀ ਸਮਝੀ ਚਾਲ ਤਹਿਤ ਮਾਰ ਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਕਿਸਾਨ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਲਖੀਮਪੁਰ ਖੀਰੀ ਵਿੱਚ ਕਿਸਾਨਾਂ ਨੂੰ ਜਾਨੋਂ ਮਾਰਨ ਵਾਲੇ ਮੁੱਖ ਮੁਲਜ਼ਮਾਂ ਅਜੇ ਮਿਸ਼ਰਾ ਟੈਨੀ ਤੇ ਅਸ਼ਿਸ਼ ਮਿਸ਼ਰਾ ਟੈਨੀ ਖਿਲਾਫ ਸਖਤ ਕਾਨੂੰਨੀ ਕਰਵਾਈ ਕਰਦਿਆਂ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਕਿਸਾਨਾਂ ਨੂੰ ਇਨਸਾਫ ਦਿੱਤਾ ਜਾਵੇ। ਕਿਸਾਨ ਆਗੂਆਂ ਨੇ ਅੰਤ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਰੋਸ ਪ੍ਰਦਰਸ਼ਨ ਨੂੰ ਹੋਰਨਾਂ ਤੋਂ ਇਲਾਵਾ ਗੋਪਾਲ ਸਿੰਘ ਪ੍ਰੈੱਸ ਸਕੱਤਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਗੁਰਮੀਤ ਸਿੰਘ ਬੀ ਕੇ ਯੂ ਏਕਤਾ ਡਕੌਂਦਾ ਆਦਿ ਨੇ ਵੀ ਸੰਬੋਧਨ ਕੀਤਾ।

ਦਿੜ੍ਹਬਾ ਮੰਡੀ (ਜਸਵੀਰ ਲਾਡੀ) : ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨ ਸ੍ਰ. ਲਵਪ੍ਰੀਤ ਸਿੰਘ, ਸ੍ਰ. ਨਛੱਤਰ ਸਿੰਘ, ਸ੍ਰ. ਦਲਜੀਤ ਸਿੰਘ, ਸ੍ਰ. ਗੁਰਵਿੰਦਰ ਸਿੰਘ ਤੇ ਪੱਤਰਕਾਰ ਰਮਨ ਕਸ਼ਿਅਪ ਨੂੰ ਛਾਜਲੀ ਵਿਖੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਤੇ ਉਸ ਦੇ ਲੜਕੇ ਆਸ਼ਿਸ਼ ਮਿਸ਼ਰਾ ਟੈਨੀ ਦੀ ਅਰਥੀ ਫੂਕੀ ਗਈ। ਇਸ ਸਮੇਂ ਸੀਨੀਅਰ ਆਗੂ ਬਿੰਦਰਪਾਲ ਸਿੰਘ ਬਲਾਕ ਪ੍ਰਧਾਨ, ਪ੍ਰੈੱਸ ਸਕੱਤਰ ਪ੍ਰਗਟ ਸਿੰਘ ਛਾਜਲੀ ਤੇ ਇਕਾਈ ਪ੍ਰਧਾਨ ਭੋਲਾ ਸਿੰਘ ਨੇ ਸੰਬੋਧਨ ਕਰਦੇ ਹੋਏ ਮੰਗ ਕੀਤੀ ਕਿ ਅਜੈ ਮਿਸ਼ਰਾ ਟੈਨੀ ਤੇ ਉਸ ਦੇ ਪੁੱਤਰ ਆਸ਼ਿਸ਼ ਮਿਸ਼ਰਾ ਟੈਨੀ, ਜੋ ਕਿ ਸਾਜ਼ਿਸ਼ ਵਿੱਚ ਸ਼ਾਮਲ ਹਨ, ਉਸ ਦਾ ਅਜਿਹੇ ਸੰਗੀਨ ਇਲਜ਼ਾਮਾਂ ਦੇ ਬਾਵਜੂਦ ਮੰਤਰੀ ਬਣੇ ਰਹਿਣਾ ਦੇਸ਼ ਦੇ ਅਖੌਤੀ ਜਮਹੂਰੀ ਤੰਤਰ 'ਤੇ ਬਦਨੁਮਾ ਦਾਗ ਹੈ। ਜ਼ਿਕਰਯੋਗ ਕਿ ਅਜੈ ਮਿਸ਼ਰਾ ਟੈਨੀ ਤੇ ਉਸ ਦਾ ਪੁੱਤਰ ਆਸ਼ਿਸ਼ ਮਿਸ਼ਰਾ ਟੈਨੀ ਇਸ ਘਟਨਾ ਦਾ ਮੁੱਖ ਦੋਸ਼ੀ ਹੈ ਅਤੇ ਉਸ ਉੱਪਰ 302 ਆਦਿ ਅਧੀਨ ਕਤਲ ਦਾ ਮੁਕੱਦਮਾ ਦਰਜ ਹੈ।

ਮੋਗਾ

ਉਨ੍ਹਾਂ ਮੰਗ ਕੀਤੀ ਕਿ ਉਕਤ ਮੰਤਰੀ ਨੂੰ ਮੰਤਰੀ ਮੰਡਲ ਵਿੱਚੋਂ ਤੁਰੰਤ ਬਰਖਾਸਤ ਕੀਤਾ ਜਾਵੇ ਤੇ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾਵੇ। ਇਸ ਸਮੇਂ ਮਹਿੰਦਰ ਸਿੰਘ ਘੁਮਾਣ, ਖਜ

page-6-4-(OCTO)-2023-G-(BV).qxd 10/3/2023 10:30 PM Page 1

SBI STATE BANK OF INDIA

SMALL & MEDIUM ENTERPRISES CENTRE, ADMIN OFFICE, AMRIK SINGH ROAD, DISTT. BATHINDA

ਸੋਧ

ਬ੍ਰਾਈਟ ਪੰਜਾਬ ਐਕਸਪ੍ਰੈੱਸ ਅਤੇ ਰੋਜ਼ਾਨਾ 'ਨਵਾਂ ਜ਼ਮਾਨਾ' 'ਚ ਮਿਸ: ਕੁਨਾਲ ਜਵੈਲਰਜ਼ ਦੇ ਸਾਡੇ ਮਿਤੀ 19.09.2023 ਨੂੰ ਪ੍ਰਕਾਸ਼ਿਤ ਈ-ਨਿਲਾਮੀ ਵਿਕਰੀ ਨੋਟਿਸ ਦੇ ਹਵਾਲੇ 'ਚ। ਇਸ ਵਿਕਰੀ ਨੋਟਿਸ 'ਚ ਕਿਰਪਾ ਕਰਕੇ ਈ-ਨਿਲਾਮੀ ਦੀ ਮਿਤੀ 05.10.2023, 12: 00 ਵਜੇ ਤੋਂ 13:00 ਵਜੇ ਦੀ ਬਜਾਏ 10.10.2023, 12: 00 ਵਜੇ ਤੋਂ 13.00 ਵਜੇ ਅਤੇ ਈ ਐੱਮ ਡੀ ਅਤੇ ਹੋਰ ਦਸਤਾਵੇਜ਼ ਸਮੇਤ ਡਿਮਾਂਡ ਡਰਾਫਟ (ਹਾਰਡ ਕਾਪੀ) ਦੀ ਅੰਤਮ ਮਿਤੀ ਤੇ ਸਮਾਂ ਪਹਿਲਾਂ ਵਾਂਗ ਹੀ 09.10.2023, 16:00 ਵਜੇ ਤੱਕ ਰਹੇਗਾ।

ਅਧਿਕਾਰਤ ਅਫਸਰ

ਟੈਂਡਰ ਨੋਟਿਸ

ਇਸ ਇਸ਼ਤਿਹਾਰ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੀ ਐੱਚ ਸੀ ਸ਼ਾਮ ਚੁਰਾਸੀ ਦੇ ਸਾਈਕਲ ਸਟੈਂਡ ਦੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਟੈਂਡਰ ਸੰਬੰਧੀ ਫਾਰਮ ਇਸ ਸੰਸਥਾ ਦੇ ਕਮਰਾ ਨੰ. 2 'ਤੇ ਕੰਮ ਵਾਲੇ ਦਿਨਾਂ ਵਿੱਚ ਮਿਤੀ 19.10.2023 ਨੂੰ 8 ਵਜੇ ਤੋਂ 2 ਵਜੇ ਤੱਕ ਰੁਪਏ 300 ਜਮ੍ਹਾਂ ਕਰਵਾ ਕੇ ਪ੍ਰਾਪਤ ਕਰ ਸਕਦੇ ਹਨ। ਸ਼ਰਤਾਂ ਸੰਬੰਧੀ ਸ਼ੁਰੂਆਤੀ ਰਿਜ਼ਰਵ ਕੀਮਤ ਰੁਪਏ 20,000 ਪ੍ਰਤੀ ਸਾਲ ਹੈ। ਉਪਰੋਕਤ ਸੰਬੰਧੀ ਸੀਲਡ ਟੈਂਡਰ ਨਿਮਨਹਸਤਾਖਰ ਪਾਸ ਮਿਤੀ 19.10.2023 ਤੱਕ ਜਮ੍ਹਾਂ ਕਰਵਾਏ ਜਾ ਸਕਦੇ ਹਨ। ਟੈਂਡਰ ਮਿਤੀ 20.10.2023 ਨੂੰ 12 ਵਜੇ ਗਠਿਤ ਕਮੇਟੀ ਵੱਲੋਂ ਚਾਹਵਾਨਾਂ ਦੀ ਹਾਜ਼ਰੀ ਵਿੱਚ ਖੋਲ੍ਹੇ ਜਾਣਗੇ। ਨਿਮਨਹਸਤਾਖਰ ਕਿਸੇ ਵੀ ਕਾਰਨ ਇਨ੍ਹਾਂ ਟੈਂਡਰਾਂ ਨੂੰ ਰੱਦ ਕਰ ਸਕਦਾ ਹੈ।

ਸਹੀ/- ਸੀਨੀਅਰ ਮੈਡੀਕਲ ਅਫਸਰ,
ਸੀ ਐੱਚ ਸੀ ਸ਼ਾਮ ਚੁਰਾਸੀ

Civil Courts, Ludhiana

In the Court of
Ms. Radhika Puri
Addl. Civil Judge (Senior Division), Ludhiana.

Publication notice in Petition under the India Succession Act 1925

CNR No. PBLD02-011237-2023
Next Date : 6.11.2023

1. Harbhajan Kaur W/o Late Shri Baldev Singh R/o H.No. 62-C, Kitchlu Nagar, Ludhiana 2. Mandeep Kaur W/o Sh. Kanwar Singh D/o Late Shri Baldev Singh through her attorney/brother Namandeep Singh and others.

(Petitioners)
Versus
General Public and Others
Notice to : General Public

Whereas the above named petitioner Harbhajan Kaur and others has filed petition for the grant of Succession Certificate regarding the assets left by the deceased Baldev Singh Dhandli S/o Sh. Sadhu Ram who died on 19.6.2016, in this Court.

Notice is issued in the name of "General Public" that in case anybody has any objection for the grant of succession certificate, he/she can file objection to the same on or before 6.11.2023, failing which the petition shall be decided in accordance with law.

For details logon to https://highcourtchd.gov.in/?trs=district notice & district=Ludhiana.

Addl. Civil Judge (Senior Division), Ludhiana.
Dated, this day of 3.10.2023

Civil Courts, Ludhiana

In the Court of
Ms. Radhika Puri
Addl. Civil Judge (Senior Division), Ludhiana.

Publication notice in Petition under the Indian Succession Act 1925

CNR No. PBLD02-000100-2023
Next Date : 13.10.2023

1. Tarlok Singh Dhaliwal S/o Surjit Singh Dhaliwal R/o 3, Avandale Road, Ashford, TW15 3 HQ Alberta, Canada Presently Vill. Changana, Distt. Ludhiana. 2. Harlakhbir Singh Dhaliwal S/o Surjit Singh Dhaliwal R/o 1101/1140, Taradale Drive, Calgary, Alberta, Canada Presently Vill. Changana, Distt. Ludhiana and others.

(Petitioners)
Versus
General Public
Notice to : General Public

Whereas the above named petitioner Tarlok Singh and others has filed petition for the grant of Succession Certificate regarding the assets left by the deceased Surjit Singh Dhaliwal who died on 21.4.2020 and Daljit Kaur who died on 20.5.2021, in this Court.

Notice is issued in the name of "General Public" that in case anybody has any objection for the grant of succession certifidate, he/she can file objection to the same on or before 13.10.2023, failing which the petition shall be decided in accordance with law.

For details logon to https://highcourtchd.gov.in/?trs=district notice & district=Ludhiana.

Addl. Civil Judge (Senior Division), Ludhiana.
Dated, this day of 3.10.2023

ਉੱਤਰ ਰੇਲਵੇ

G20 | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **19.10.2023** ਵਕਤ **15.00 ਵਜੇ** ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੋਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

ਟੈਂਡਰ ਪ੍ਰਕਾਰ	ਟੈਂਡਰ ਅਨੁਭਾਗ	ਬੋਲੀ ਪ੍ਰਣਾਲੀ
ਖੁਲੀ	ਕੰਮ	ਏਕਲ ਬੋਲੀ ਪ੍ਰਣਾਲੀ
ਟੈਂਡਰ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ
26.09.2023	05.10.2023	19.10.2023 / 15:00 ਵਜੇ

ਲ.ਨੰ:	ਟੈਂਡਰ ਨੰਬਰ,	ਟੈਂਡਰ ਦਾ ਵੇਰਵਾ			
1.	245-2023-24-ADEN-II-ASR	ਸਹਾਇਕ ਮੰਡਲ ਇੰਜੀਨੀਅਰ/ਦੂਸਰੀ / ਅੰਮ੍ਰਿਤਸਰ ਦੇ ਅਧੀਨ ਅਨੁਸੰਧਾਨ ਡਿਜਾਇਨ ਅਤੇ ਮਾਨਕ ਸੰਗਠਨ ਵਿਨਿਰਦੇਸ਼ਾ ਦੇ ਅਨੁਸਾਰ ਅਣਰਿਜ਼ਰਵ ਟਿਕਟਿੰਗ ਪ੍ਰਣਾਲੀ ਦੀ ਸੀਟ੍ਰ ਵਿਚ ਰੇਲ ਸਿੰਗਲ ਸ਼ਾਟ ਕਰੂਸਿਬਲ ਦੇ ਨਾਲ ਕਿਗ੍ਰਾ / 60 ਈਆਈ - ਆਰਟੂ 360 ਗ੍ਰੇਡ ਰੇਲ 52 ਕਿਗ੍ਰਾ 90/72 ਯੂਟੀਐਸ ਦੀ ਏਲੂਮਿਨੋ - ਥਰਮਿਕ ਵੇਲਡਿੰਗ ਦੇ ਕੰਮ ਕਰਨ ਲਈ।			
	ਵਿਗਿਆਪਨ ਮੂਲ (ਰੁ:)	ਬਿਆਨਾ ਰਾਸ਼ੀ	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ	
	80,54,166.82/-	1,61,100.00/-	60 ਦਿਨ	06 ਮਹੀਨੇ	
	ਸਮਾਨ ਪ੍ਰਕ੍ਰਿਤੀ ਦਾ ਕੰਮ : "ਲਾਗੂ ਨਹੀਂ"				

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ। ਪੱਤਰ ਨੰ: 245-2023-24-ADEN-II/ASR Date: 26.09.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3053/23

Public Notice

It hereby informs to public at large that Ram Lal has avail loan from AU SMALL FINANCE BANK LIMITED have its branch office at Nawanshahar. That Ram Lal S/o Sadhu Ram is owner of Property measuring 5 Marla situated under Redline area at Ward no.4, Garhshankar, Tehsil Garhshankar and Distt Hoshiarpur vide Sale Deed No.277 Dated 26.06.2007. This property was owned by Balwinder Singh S/o Tulsi Ram Vide Sale Deed No.3037 Dated 10.01.2007 and Balwinder Singh S/o Tulsi Ram executed a Sale Deed in Favour of Ram Lal S/o Sadhu Ram Vide Sale Deed No.277 Dated 26.06.2007.That earlier Sale Deed No.3037 Dated 10.01.2007,is lost and not available with Borrower and DDR in respect of which is also registered. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

Description of Property :-

Property measuring 5 Marla situated under Redline area at Ward no.4, Garhshankar, Tehsil Garhshankar and Distt Hoshiarpur. Boundaries- as Per Sale Deed as under:

East: Gali, West: Balvir Kumar, North: C.I.A Staff, South: Lilawanti

Lalit Kakkar (Advocate)
Off. : Chamber No. 24, New Courts, Jalandhar. M.No. 98761-07449

Public Notice

It hereby informs to public at large that Foot Locker has avail loan from AU SMALL FINANCE BANK LIMITED have its branch office at Hoshiarpur. That Chandan Kapoor s/o Inderjit Kapoor is owner of Shop measuring 1 Marla 1 Sarshi comprising under Khasra No. 430/2 situated at Village Urmur, Tehsil Tanda, Distt. Hoshiarpur vide Sale Deed No. 589 dated 28.08.2020. This property was earlier larger area as owned by Satwinder Singh s/o Gurcharan Singh and Satwinder Singh s/ Gurcharan Singh sold property measuring 1 Marla 1 Sarsahi in favor of Tajinder Kumar s/o Faqir Singh and Punjan s/o Krishan Kumar vide Sale Deed No. 635 dated 06.06.2013, which is duly mutated vide Mutation No. 11344 and Punjan s/o Krishan Kumar executed a GPA in favor of Krishan Kumar s/o Onkar Dutt vide GPA NO. 187 dated 13.12.2013, SR – Tanda and Tajinder Kumar s/o Faqir Singh for himself and Punjan s/o Krishan Kumar through Krishan Kumar s/o Onkar Dutt sold property measuring 1 Marla 1 Sarsahi in favor of Chandan Kapoor s/o Inderjit Kapoor vide Sale Deed No. 589 dated 28.08.2020, which is duly mutated vide Mutation No. 13327 and Chandan Kapoor s/o Inderjit Kapoor executed an agreement to sale for area measuring 1 Marla 1 Sarsahi in favour of Shamsher Singh s/o Gurdeep Singh. That earlier GPA NO. 187 dated 13.12.2013 and Sale Deed No. 635 dated 06.06.2013 are lost and not available with Borrower and DDR in respect of which is also registered. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

Shop measuring 1 Marla 1 Sarshi comprising under Khasra No. 430/2 situated at Village Urmur, Tehsil Tanda, Distt. Hoshiarpur Boundaries- as Per Sale Deed as under: East: Rajinder Singh, West: Satwinder Singh, North: Rasta, South : Satwinder Singh

Lalit Kakkar (Advocate)
Off. : Chamber No. 24, New Courts, Jalandhar. M.No. 98761-07449

ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. XIIAP38/358-M (C.A. No. 3004472150) 15.00 ਬੀ ਐੱਚ ਪੀ, ਜੋ ਕਿ ਲੋਟ ਸ੍ਰੀ ਸੋਹਨ ਲਾਲ ਪੁੱਤਰ ਸ੍ਰੀ ਭਾਗ ਰਾਮ ਪਿੰਡ ਚੂਹੜ, ਜ਼ਿਲ੍ਹਾ ਜਲੰਧਰ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਪਿੰਡ ਚੂਹੜ ਜ਼ਿਲ੍ਹਾ ਜਲੰਧਰ ਵਿੱਚ ਮੌਜੂਦ ਹੈ। ਇਹ ਕੁਨੈਕਸ਼ਨ ਸ੍ਰੀ ਸੰਦੀਪ ਗੌਤਮ ਪੁੱਤਰ ਸ੍ਰੀ ਸੋਹਨ ਲਾਲ ਵਾਸੀ ਪਿੰਡ ਚੂਹੜ ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ ਕਰਵਾਉਣ ਲਈ ਦਰਖਾਸਤ ਇਸ ਦਫਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰਕਰਤਾ ਨੂੰ ਇਸ ਦਫਤਰ ਵਿੱਚ ਜਮ੍ਹਾਂ ਕਰਵਾਓ। ਸਹੀ/- ਸਹਾਇਕ ਕਾਰਜਕਾਰੀ ਇੰਜੀ./ਵੰਡ, ਪੀ ਐੱਸ ਪੀ ਸੀ ਐੱਲ, ਉਪ ਮੰਡਲ ਕਾਲਾ ਸੰਘਿਆਂ

ਬਸੰਤ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਰਣੀਆ (ਮੋਗਾ) ਦੇ ਨਾਂਅ ਚੱਲ ਰਹੇ ਟਿਊਬਵੈੱਲ ਕੁਨੈਕਸ਼ਨ ਨੰ: ਏ ਪੀ 18/1553, 17.5 ਐੱਚ ਪੀ ਨੂੰ ਗੁਰਬਚਨ ਕੌਰ ਪਤਨੀ ਕਰਨੈਲ ਸਿੰਘ ਵਾਸੀ ਰਣੀਆ (ਮੋਗਾ) ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਅੰਦਰ ਪੀ ਐੱਸ ਪੀ ਸੀ ਐੱਲ ਚੜਿੱਕ (ਮੋਗਾ) ਨੂੰ ਸੂਚਿਤ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3007617840 ਸੁਰਿੰਦਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਕੰਨੀਆ ਹੁਸੈਨੀ ਤੋਂ ਨਾਂਅ ਬਦਲੀ ਕਰਕੇ ਬਲਵਿੰਦਰ ਕੌਰ ਪਤਨੀ ਰਾਜਵਿੰਦਰ ਸਿੰਘ ਵਾਸੀ ਪਰਜੀਆਂ ਬਿਹਾਰੀਪੁਰ ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਤੀਹ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮ: ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰ)

Public Notice

I, Parkasho W/o Late. Girdhari Gir R/o H.No. B-9, 484/11, Mohalla Santokhpura, Near Babe Nimbu Wale Gali, Back Side Chadha Sweets, Jalandhar declare that my son Subash & his wife Babbu are out of my control. I disinherit them from my movable and immovable properties. I and my family shall not be held responsible for any of their acts deeds and things. All please note.

We,Mohammad Isarali S/o Majid Alam & Seema W/o Mohammad Isarali R/o H.No. 9/2 Gali No. 2 Shaheed Baba Deep Singh Nagar, Jalandhar declare that we have Disowned and Disinherited our son Mohammad Asgar Alam and his wife Ujala Urf Piari From our Movable And Immovable Properties, due to out of control and not faithful towards us ,having No Concern with us. We and other family members Shall Not Be Held Responsible For any kind Of Act, Deed, Dealings Related to them..

COURT NOTICE

In the Court of
Sh.Yukti Goyal
Addl. Distt. and Sessions Judge-VIII, Jalandhar.

CNR No. PBJL01-007591-2023
Next Date : 10.10.2023

Rajinder Kumar
Versus
General Public

Petition u/s 4 of Insolvency Act for Declaration that the petitioner is an Insolvent person.

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.10.2023 at 10.00 a.m.

For details logon to https://highcourtchd.gov.in/?trs=district notice & district=Jalandhar

Addl. Distt. and Sessions Judge-VIII, Jalandhar.
Dated, this day of 29.9.2023

COURT NOTICE

In the Court of
Sh.Yukti Goyal
Addl. Distt. and Sessions Judge-VIII, Jalandhar.

CNR No. PBJL01-007590-2023
Next Date : 10.10.2023

Priyanka Rani
Versus
General Public

Petition u/s 4 of Insolvency Act for Declaration that the petitioner is an Insolvent person.

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.10.2023 at 10.00 a.m.

For details logon to https://highcourtchd.gov.in/?trs=district notice & district=Jalandhar

Addl. Distt. and Sessions Judge-VIII, Jalandhar.
Dated, this day of 29.9.2023

COURT NOTICE

In the Court of
Sh. Bagicha Singh
Civil Judge (Senior Division), Tarn Taran.

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-000104-2023
Next Date : 20.10.2023

IDBI Bank Ltd
Versus
Manjot Singh

Publication issued to : 1. Manjot Singh S/o Dharam Singh R/o Bachre, Tehsil and Distt. Tarn Taran 2. Major Singh S/o Karnail Singh R/o H.No. 65, Vill. Surwind, Tehsil Patti, Distt. Tarn Taran.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.10.2023 at 10.00 a.m.

For details logon to https://highcourtchd.gov.in/?trs=district notice & district=Tarn Taran

Civil Judge (Senior Division), Tarn Taran
Dated, this day of 29.9.2023

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਹਰਜਿੰਦਰ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਰਣੀਆ (ਜ਼ਿਲ੍ਹਾ ਮੋਗਾ) ਦੇ ਨਾਂਅ ਚੱਲ ਰਹੇ ਟਿਊਬਵੈੱਲ ਕੁਨੈਕਸ਼ਨ ਨੰ: ਏ ਪੀ 18/1423 ਤੇ 12.5 ਐੱਚ ਪੀ ਨੂੰ ਸੁਖਵਿੰਦਰ ਕੌਰ ਪਤਨੀ ਗੁਰਜੰਟ ਸਿੰਘ ਵਾਸੀ ਮਕਾਨ ਨੰਬਰ 782 ਵਾਰਡ ਨੰ: 5 ਬਸਤੀ ਗੋਬਿੰਦਗੜ੍ਹ ਮੋਗਾ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਚੜਿੱਕ (ਮੋਗਾ) ਨੂੰ ਸੂਚਿਤ ਕਰੇ।

ਟਿਊਬਵੈਲ ਖਾਤਾ ਨੰ. 3-656, ਦੇਵ ਪੁੱਤਰ ਕਰਤਾਰਾ ਵਾਸੀ ਪਿੰਡ ਗੁੜਾਂ ਟਿਊਬਵੈਲ ਕੁਨੈਕਸ਼ਨ ਉਪ ਮੰਡਲ ਸ਼ੰਕਰ PSPCL ਵਿੱਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਗੁਰਬਖਸ਼ ਕੌਰ ਪਤਨੀ ਬਰਿੰਦਰ ਸਿੰਘ ਦੇ ਨਾਮ ਤੇ ਤਬਦੀਲ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਸ ਸਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਸ਼ੰਕਰ ਉੱਪ ਮੰਡਲ ਨੂੰ 30 ਦਿਨਾਂ ਵਿੱਚ ਦੇਵੇ।

ਬੇਦਖਲੀ ਨੋਟਿਸ

ਅਸੀਂ, ਸੁਖਦੇਵ ਸਿੰਘ ਪੁੱਤਰ ਮਲਕੀਤ ਸਿੰਘ, ਜਸਵਿੰਦਰ ਕੌਰ ਪਤਨੀ ਬਲਦੇਵ ਸਿੰਘ ਦੋਵੇਂ ਵਾਸੀਆਨ ਪਿੰਡ ਗਿੱਲ, ਤਹਿਸੀਲ ਨਕੋਦਰ (ਜਲੰਧਰ) ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਵਰਿੰਦਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਵਰਿੰਦਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਵਾਰ ਦਾ ਉਕਤ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਮ ਪਿਆਰਾ ਪੁੱਤਰ ਭਗਤ ਰਾਮ ਵਾਸੀ ਪਿੰਡ ਕਾਹਲਵਾਂ, ਡਾਕਖਾਨਾ ਭੂੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਅਤੇ ਉਸ ਦੀ ਪਤਨੀ ਸੀਮਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਹਰਜਿੰਦਰ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਚੱਕ ਸੁਖੇਰਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਅਤੇ ਮੇਰੀ ਨੂੰਹ ਸੋਨਮ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਲੇਟ ਸੁਰਜਨ ਸਿੰਘ, ਵਾਸੀ ਪਿੰਡ ਲੱਖਣ ਖੋਲੇ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੀ ਹਾਂ ਕਿ ਲੜਕਾ ਗੋਬਿੰਦਾ ਅਤੇ ਉਸਦੀ ਪਤਨੀ ਪ੍ਰਿਆਂ, ਮੇਰੇ ਕਹਿਣੇਕਾਰ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈ ਹਰਬੰਸ ਕੌਰ ਪਤਨੀ ਪ੍ਰਕਾਸ਼ ਸਿੰਘ ਵਾਸੀ ਪਿੰਡ ਘਣੀਆਕੇ, ਸੈਫਲਾ

4-OCT-PAGE-7.qxd 10/3/2023 10:16 PM Page 1

ਐੱਸ ਕੇ ਐੱਮ ਤੇ ਸੀ ਟੀ ਯੂ ਦੇ ਸੱਦੇ 'ਤੇ ਮਿੰਨੀ ਸਕੱਤਰੇਤ ਵਿਖੇ ਰੈਲੀ

- ਕੇਂਦਰੀ ਮੰਤਰੀ ਵਿਜੇ ਮਿਸ਼ਰਾ ਤੇ ਟੈਨੀ ਮਿਸ਼ਰਾ ਦੀ ਤੁਰੰਤ ਗ੍ਰਿਫਤਾਰੀ ਦੀ ਕੀਤੀ ਮੰਗ
- ਲਖੀਮਪੁਰ ਖੇੜੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ

ਲੁਧਿਆਣਾ (ਐੱਮ ਐੱਸ ਭਾਟੀਆ)

ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਤੇ ਕੇਂਦਰੀ ਟਰੇਡ ਯੂਨੀਅਨਾਂ (ਸੀ ਟੀ ਯੂ) ਅਤੇ ਸੈਕਟਰਲ ਫੈਡਰੇਸ਼ਨਾਂ ਦੇ ਸੱਦੇ 'ਤੇ 3 ਅਕਤੂਬਰ ਨੂੰ ਕਾਲਾ ਦਿਵਸ ਮਨਾਉਣ ਲਈ ਮਿੰਨੀ ਸਕੱਤਰੇਤ ਲੁਧਿਆਣਾ ਵਿਖੇ ਇੱਕ ਰੈਲੀ ਕੀਤੀ ਗਈ। ਇਸ ਦਿਨ ਕੇਂਦਰੀ ਮੰਤਰੀ ਵਿਜੇ ਮਿਸ਼ਰਾ ਟੈਨੀ ਦੇ ਪੁੱਤਰ ਅਜੇ ਮਿਸ਼ਰਾ ਟੈਨੀ ਨੇ ਕਈ ਕਿਸਾਨਾਂ ਨੂੰ ਆਪਣੀ ਗੱਡੀ ਹੇਠ ਦਰੜ ਕੇ ਸ਼ਹੀਦ ਕਰ ਦਿੱਤਾ ਸੀ। ਰੈਲੀ ਵਿੱਚ ਵਿਜੇ ਮਿਸ਼ਰਾ ਨੂੰ ਮੰਤਰਾਲੇ ਤੋਂ ਤੁਰੰਤ ਬਰਖਾਸਤ ਕਰਨ ਤੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ ਹੈ। ਵਿਡੰਬਨਾ ਇਹ ਹੈ ਕਿ ਇਸ ਕੇਸ ਦੇ ਕਥਿਤ ਦੋਸ਼ੀ ਮੰਤਰੀ ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਰਕਾਰ ਵਿੱਚ ਕੈਬਨਿਟ ਮੰਤਰੀ ਦੇ ਅਹੁਦੇ 'ਤੇ ਹੈ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਕਿਵੇਂ ਮੋਦੀ ਸਰਕਾਰ ਅਪਰਾਧੀਆਂ ਨੂੰ ਨਾ ਸਿਰਫ ਬਚਾ ਰਹੀ ਹੈ, ਸਗੋਂ ਸ਼ਹਿ ਵੀ ਦੇ ਰਹੀ ਹੈ। ਦੱਸ ਦੇਈਏ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਤੇ ਹੁਣ ਰਮੇਸ਼ ਭਿਦੂੜੀ, ਜਿਸ ਨੇ ਸੰਸਦ ਵਿੱਚ ਫਿਰਕੂ ਜ਼ਹਿਰ ਉਗਲਿਆ, ਦੋਵੇਂ ਖੁੱਲ੍ਹੇ ਘੁੰਮ ਰਹੇ ਹਨ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਨਿਵਾਜਿਆ ਜਾ ਰਿਹਾ ਹੈ। ਇਹ ਮੰਨਣਯੋਗ ਨਹੀਂ ਕਿ ਪ੍ਰਧਾਨ ਮੰਤਰੀ ਨੂੰ ਇਨ੍ਹਾਂ ਦੀ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਦੇ ਵਾਸੂਦੇਵ ਕੁਟੰਬਕਮ ਤੇ ਬੇਟੀ ਬਚਾਓ-ਬੇਟੀ ਪੜ੍ਹਾਓ ਦੇ ਨਾਅਰੇ ਖੋਖਲੇ ਸਾਬਿਤ ਹੋਏ ਹਨ। ਲੋੜ ਹੈ ਇਸ ਸਰਕਾਰ ਨੂੰ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਸੱਤਾ ਤੋਂ ਲਾਂਭੇ ਕਰਕੇ ਲੋਕਾਂ ਤੇ ਦੇਸ਼ ਨੂੰ ਬਚਾਉਣ ਦੀ। ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੇ ਹਨ। ਬੇਰੋਜ਼ਗਾਰੀ ਤੇ ਮਹਿੰਗਾਈ ਵਧ ਰਹੀ ਹੈ ਅਤੇ ਰੋਜ਼ੀ-ਰੋਟੀ ਦੇ ਸਾਧਨ ਖਤਮ ਹੋ ਰਹੇ ਹਨ। ਸਰਕਾਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਆਪਣਾ ਵਾਅਦਾ ਨਿਭਾਉਣ 'ਚ ਨਾਕਾਮ ਰਹੀ ਹੈ। ਨਵੇਂ ਵੇਜ ਕੋਡ ਬਿੱਲ ਵਿੱਚ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਕਾਫੀ ਹੱਦ ਤੱਕ ਖਤਮ ਕੀਤਾ ਗਿਆ ਹੈ। ਕੰਮ ਦਿਹਾੜੀ 8 ਤੋਂ ਵਧਾ ਕੇ 12 ਘੰਟੇ ਕਰਨ ਦਾ ਫੈਸਲਾ ਬਹੁਤ ਹੀ ਮੰਦਭਾਗਾ ਤੇ ਮਜ਼ਦੂਰ ਵਿਰੋਧੀ ਹੈ। ਬੁਲਾਰਿਆਂ ਨੇ ਇਸ ਹੁਕਮ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਘੱਟੋ-ਘੱਟ ਉਜ਼ਰਤ 26000/- ਰੁਪਏ ਮਹੀਨਾ ਤੈਅ ਕਰਨ ਤੇ ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਰੀਆਂ ਫਸਲਾਂ 'ਤੇ ਸੀ2+50% ਐੱਮ.ਐੱਸ.ਪੀ. ਕਿਸਾਨਾਂ ਨੂੰ ਦਿੱਤਾ ਜਾਵੇ ਤੇ ਕਿਸਾਨਾਂ ਨਾਲ ਹੋਏ ਸਮਝੌਤੇ ਲਾਗੂ ਕੀਤੇ ਜਾਣ, ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ, 60 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਨੂੰ ਪੈਨਸ਼ਨ ਤੇ ਸਮਾਜਿਕ ਸੁਰੱਖਿਆ ਵਜੋਂ 10000/- ਪ੍ਰਤੀ ਮਹੀਨਾ ਦਿੱਤਾ ਜਾਵੇ, ਬਿਜਲੀ ਸੋਧ ਬਿੱਲ 2020 ਵਾਪਸ ਲਿਆ ਜਾਵੇ, ਜਨਤਕ ਖੇਤਰ ਦੀਆਂ ਇਕਾਈਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਮਨਰੇਗਾ ਤਹਿਤ 200 ਦਿਨਾਂ ਦਾ ਕੰਮ ਤੇ 700/- ਪ੍ਰਤੀ ਦਿਨ ਦਿਹਾੜੀ ਨੂੰ ਯਕੀਨੀ ਬਣਾਇਆ ਜਾਵੇ। ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਸਰਕਾਰ ਸੱਤਾ ਵਿੱਚ ਬਣੀ ਰਹਿੰਦੀ ਹੈ ਤਾਂ ਪੈਨਸ਼ਨ ਖਤਮ ਕਰ ਦਿੱਤੀ ਜਾਵੇਗੀ ਤੇ ਘੱਟੋ-ਘੱਟ ਉਜ਼ਰਤ 178/- ਰੁਪਏ ਪ੍ਰਤੀ ਦਿਨ ਦੀ ਬਣ ਜਾਵੇਗੀ, ਕਿਉਂਕਿ ਸਰਕਾਰ ਕਾਰਪੋਰੇਟ ਪੱਖੀ ਤੇ ਮੁਲਾਜ਼ਮ ਵਿਰੋਧੀ ਹੈ। ਕਾਰਪੋਰੇਟ ਟੈਕਸ 30 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰਕੇ ਉਨ੍ਹਾਂ ਨੂੰ ਟੈਕਸ ਰਿਆਇਤਾਂ ਦੇ ਰਹੇ ਹਨ। ਆਸ਼ਾ, ਆਂਗਨਵਾੜੀ ਤੇ ਹੋਰ ਸਕੀਮ ਵਰਕਰਾਂ ਨੂੰ ਅਜੇ ਵੀ ਰੈਗੂਲਰ ਨਹੀਂ ਕੀਤਾ ਗਿਆ। ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਸਰਕਾਰੀ ਖਾਲੀ ਪਈਆਂ ਅਸਾਮੀਆਂ ਪੱਕੇ ਤੌਰ 'ਤੇ ਭਰੀਆਂ ਜਾਣ। ਸਾਰਿਆਂ ਲਈ ਸਿਹਤ ਤੇ ਸਿੱਖਿਆ ਮੁਫਤ ਯਕੀਨੀ ਬਣਾਈ ਜਾਵੇ। ਕਾਮਨ ਸਕੂਲ ਤੇ ਗੁਆਂਢ ਵਿੱਚ ਸਕੂਲ ਲਈ ਕੋਠਾਰੀ ਕਮਿਸ਼ਨ ਦੀ ਰਿਪੋਰਟ ਨੂੰ ਅਪਣਾਈ ਜਾਵੇ। ਵਿਸ਼ਵ ਵਿਆਪੀ ਸਿਹਤ ਦੇਖਭਾਲ ਨੂੰ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਡੀ.ਪੀ.ਮੌੜ, ਐੱਮ.ਐੱਸ. ਭਾਟੀਆ, ਸੁਖਵਿੰਦਰ ਸਿੰਘ ਲੋਟੇ, ਜਗਦੀਸ਼ ਚੰਦ, ਵਿਜੇ ਕੁਮਾਰ, ਅਮਰ ਨਾਥ ਕੂੰਮ ਕਲਾਂ, ਗੁਰਮੇਲ ਮੈਲਡੇ, ਚੰਦੇਸ਼ਵਰ ਰਾਏ, ਬਲਰਾਮ ਸਿੰਘ, ਅੰਜੂ ਮਹਿਤਾ, ਰਾਮ ਲਾਲ, ਪਰਮਜੀਤ ਸਿੰਘ, ਕਾਮੇਸ਼ਵਰ ਯਾਦਵ, ਪਰਮਜੀਤ ਸਿੰਘ ਨੀਲੋਂ ਤੇ ਰਘਬੀਰ ਸਿੰਘ ਬੈਨੀਪਾਲ, ਬਲਬੀਰ ਸਿੰਘ ਮਾਨ, ਮਨਜੀਤ ਸਿੰਘ ਮਨਸੂਰਾਂ, ਬਲਵਿੰਦਰ ਸਿੰਘ ਇਯਾਲੀ, ਕੇਵਲ ਸਿੰਘ, ਜੋਗਿੰਦਰ ਰਾਮ, ਚਮਨ ਲਾਲ ਤੇ ਸਿਕੰਦਰ ਬਕਸ਼ ਸ਼ਾਮਲ ਸਨ। ਸਟੇਜ ਸਕੱਤਰ ਦੀ ਭੂਮਿਕਾ ਕਾਮਰੇਡ ਐੱਮ. ਐੱਸ. ਭਾਟੀਆ ਨੇ ਨਿਭਾਈ।

ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਨਾਲ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਅੱਜ

ਮੰਗਾਂ ਨਾ ਮੰਨਣ 'ਤੇ ਸਰਕਾਰ ਨੂੰ ਹਰ ਫਰੰਟ 'ਤੇ ਘੇਰਨ ਦਾ ਐਲਾਨ

ਮਾਨਸਾ (ਪਮਾਰ)-ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ (ਪੀਪੀਪੀ ਤਰਜ਼) ਨੂੰ ਬੀਤੇ ਦਿਨੀਂ ਸੰਗਰੂਰ ਵਿਖੇ ਕੀਤੇ ਤਿੱਖੇ ਐਕਸ਼ਨ ਉਪਰੰਤ ਸੰਗਰੂਰ ਪ੍ਰਸ਼ਾਸਨ ਵੱਲੋਂ 4 ਅਕਤੂਬਰ ਨੂੰ ਕੈਬਨਿਟ ਸਬ ਕਮੇਟੀ ਨਾਲ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਪੂਰੀਆਂ ਕਰਵਾਉਣ ਲਈ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਮਿਲੀ ਹੈ। ਜੇਕਰ ਇਸ ਮੀਟਿੰਗ ਵਿੱਚ ਆਦਰਸ਼ ਸਕੂਲਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ, ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੀਆਂ ਨੌਕਰੀਆਂ ਪੱਕੀਆਂ ਕਰਨ, ਗਰੇਡ ਪੇਅ ਮੁਤਾਬਕ ਤਨਖਾਹਾਂ ਸਿੱਧੀਆਂ ਸਿੱਖਿਆ ਵਿਭਾਗ ਵੱਲੋਂ ਜਾਰੀ ਕਰਨ, ਜਦਕਿ ਹੁਣ ਨਿਗੂਣੀਆਂ ਤਨਖਾਹਾਂ ਮਿਲ ਰਹੀਆਂ ਹਨ, ਸਾਲਾਨਾ ਪੰਜ ਪ੍ਰਤੀਸ਼ਤ ਇੰਕਰੀਮੈਂਟ ਲਗਾਉਣ, ਬਦਲੀਆਂ ਦਾ ਪ੍ਰਬੰਧ ਕਰਨ ਸਮੇਤ ਤਮਾਮ ਮੰਗਾਂ ਕਮੇਟੀ ਨੇ ਨਾ ਮੰਨੀਆਂ ਤਾਂ ਜਥੇਬੰਦੀ ਵੱਲੋਂ ਮਜਬੂਰੀ ਤੇ ਨਿਰਾਸ਼ਤਾ ਵਸ ਸਰਕਾਰ ਨੂੰ ਲੋਕ ਸਭਾ ਚੋਣਾਂ ਵਿੱਚ ਹਰ ਫਰੰਟ 'ਤੇ ਘੇਰਿਆ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ, ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ, ਸਕੱਤਰ ਜਨਰਲ ਸੁਖਦੀਪ ਕੌਰ ਸਰਾਂ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਗਲੋਟੀ, ਮੀਡੀਆ ਇੰਚਾਰਜ ਮੁਹੰਮਦ ਸਲੀਮ, ਪ੍ਰਚਾਰ ਸਕੱਤਰ ਅਮਨਦੀਪ ਸ਼ਾਸਤਰੀ, ਮੀਤ ਪ੍ਰਧਾਨ ਵਿਸ਼ਾਲ ਭਠੇਜਾ, ਸੂਬਾ ਕਮੇਟੀ ਮੈਂਬਰ ਮੈਡਮ ਮੀਨੂੰ, ਓਮਾ ਮਾਧਵੀ, ਰਛਪਾਲ ਸਿੰਘ ਨੇ ਮੀਡੀਆ ਨੂੰ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ ਹੈ। ਸੂਬਾਈ ਆਗੂਆਂ ਨੇ ਕਿਹਾ ਕਿ ਸਕੂਲਾਂ ਦੇ ਨਾਂਅ ਬੇਸ਼ੱਕ ਆਦਰਸ਼ ਹਨ, ਪਰ ਹਾਲਤ ਇਨ੍ਹਾਂ ਦੀ ਅਤਿ ਤਰਸਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਸ਼ਾਨਦਾਰ ਵਿੱਦਿਅਕ ਅਦਾਰਿਆਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਕੇ 12-12 ਸਾਲਾਂ ਤੋਂ ਨੌਕਰੀਆਂ ਕਰ ਰਹੇ ਮੁਲਾਜ਼ਮਾਂ ਦੇ ਹਿੱਤਾਂ ਨੂੰ ਵੀ ਸੁਰੱਖਿਅਤ ਕਰੇ। ਉਨ੍ਹਾ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਕੀਤੀਆਂ ਦਰਜਨਾਂ ਮੀਟਿੰਗਾਂ ਵਿੱਚ ਹਾਲੇ ਤੱਕ ਕੁੱਝ ਵੀ ਪੱਲੇ ਨਹੀਂ ਪਿਆ, ਜਦਕਿ ਹੁੰਗਾਰਾ ਮੰਗਾਂ ਮੰਨਣ ਦਾ ਹਾਂ-ਪੱਖੀ ਮਿਲਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਲੋਕ ਸਭਾ ਚੋਣਾਂ ਵਿੱਚ ਸਰਕਾਰ ਦਾ ਭੰਡੀ ਪ੍ਰਚਾਰ ਕਰੇਗੀ। ਉਨ੍ਹਾਂ ਕੈਬਨਿਟ ਸਬ ਕਮੇਟੀ ਨੂੰ ਅਪੀਲ ਕਰਦਿਆਂ ਕਿਹਾ ਕਿ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਕੇ ਮੁਲਾਜ਼ਮਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਮੌਕੇ ਜਥੇਬੰਦੀ ਦੇ ਆਗੂ ਗੁਰਚਰਨ ਹਰਦਾਸਾ, ਹਰਵਿੰਦਰ ਸਿੰਘ, ਗੁਰਜੀਤ ਸਿੰਘ, ਕੁਲਵੀਰ ਜਖੇਪਲ, ਅਮਰਜੋਤ ਜੋਸ਼ੀ, ਮਨਪ੍ਰੀਤ ਸਿੰਘ, ਸੁਖਪਾਲ ਸਿੰਘ, ਜਗਤਾਰ ਗੰਢੂਆਂ, ਮੈਡਮ ਵੀਰਪਾਲ ਕੌਰ, ਪਰਮਿੰਦਰ ਕੌਰ, ਕਿਰਨਦੀਪ ਕੌਰ, ਹਰਪ੍ਰੀਤ ਕੌਰ ਪੱਕਾ ਆਦਿ ਸ਼ਾਮਲ ਸਨ।

ਡਾ. ਪੰਕਜ ਧਮੀਜਾ ਨੂੰ ਮਿਲਿਆ ਰਾਸ਼ਟਰੀ ਸਿੱਖਿਆ ਰਤਨ ਸਨਮਾਨ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)

ਪ੍ਰਿਥਵੀ ਅਭਯੁਦਿਆ ਐਜੂਕੇਟਰਜ ਐਸੋਸੀਏਸ਼ਨ ਇੰਡੀਆ (ਪੀ.ਏ.ਏ.ਆਈ) ਨੇ ਐਮਿਟੀ ਯੂਨੀਵਰਸਿਟੀ ਪੰਜਾਬ ਵਿਖੇ 1 ਅਕਤੂਬਰ ਨੂੰ ਰਾਸ਼ਟਰੀ ਸਿੱਖਿਆ ਸੰਮੇਲਨ ਤੇ ਪੀ.ਐੱਸ.ਐੱਮ. ਰਾਸਟਰੀ ਸਿੱਖਿਆ ਰਤਨ ਐਵਾਰਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਿੱਖਿਆ ਦੇ ਖੇਤਰ ਵਿੱਚ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਸਿੱਖਿਆ ਸ਼ਾਸ਼ਤਰੀਆਂ ਨੂੰ ਸਨਮਾਨਤ ਕਰਨ ਲਈ ਕੀਤਾ ਗਿਆ। ਸਮਾਰੋਹ ਵਿੱਚ ਮਾਤਾ ਸਾਹਿਬ ਕੌਰ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੂੰ ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਨੂੰ ਮਾਨਤਾ ਦਿੰਦੇ ਹੋਏ ਰਾਸ਼ਟਰੀ ਸਿੱਖਿਆ ਰਤਨ ਸਨਮਾਨ 2023 ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਲਈ ਜਿਊਰੀ ਮੈਂਬਰਾਂ ਵੱਲੋਂ ਪੰਜਾਬ, ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਹਰਿਆਣਾ, ਰਾਜਸਥਾਨ, ਬਿਹਾਰ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼ ਆਦਿ 22 ਰਾਜਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕ ਪ੍ਰਤੀਨਿਧਾਂ ਦੀ ਚੋਣ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਦੇ ਪ੍ਰਸ਼ਾਸਕੀ ਅਧਿਕਾਰੀਆਂ ਤੇ ਵਾਈਸ ਚਾਂਸਲਰ ਸਮੇਤ ਦੇਸ ਭਰ ਦੇ ਸਿੱਖਿਆ ਸ਼ਾਸ਼ਤਰੀਆਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਦੇਵੇਂਦਰ ਚੰਦੇਲ ਜੀ ਉਚੇਰੀ ਤੇ ਐਲੀਮੈਂਟਰੀ ਸਿੱਖਿਆ ਦੇ ਡਿਪਟੀ ਡਾਇਰੈਕਟਰ ਊਨਾ ਹਿਮਾਚਲ ਪ੍ਰਦੇਸ਼, ਪ੍ਰੋ. ਡਾ. ਸੰਤੋਸ਼ ਸ਼ਰਮਾ, ਵਾਈਸ ਚਾਂਸਲਰ ਅਰਨੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਪ੍ਰੋ. ਸੰਜੇ ਕੁਮਾਰ ਬਹਿਲ, ਵਾਈਸ ਚਾਂਸਲਰ ਇੰਡਸ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਸ੍ਰੀ ਅਮਿਤ ਕੁਮਾਰ, ਪ੍ਰਧਾਨ ਮੇਰਠ ਸਹੋਦਿਆ ਕੰਪਲੈਕਸ, ਡਾ. ਪ੍ਰੀਤੀ ਚਿਤਕਾਰਾ, ਚੀਫ਼ ਪੀ.ਆਰ. ਤੇ ਪੀ ਏ ਏ ਆਈ ਦੇ ਸੰਸਥਾਪਕ ਪ੍ਰਧਾਨ ਡਾ. ਹਰਸਵਰਧਨ ਸਿੰਘ, ਇੰਟਰਨੈਸ਼ਨਲ ਸੰਬੰਧ ਕੇ ਆਈ ਈ ਟੀ ਗਰੁੱਪ ਆਫ ਇੰਸਟੀਚਿਊਸਨਜ, ਦਿੱਲੀ-ਐਨ.ਸੀ.ਆਰ. ਗਾਜੀਆਬਾਦ ਵੱਲੋਂ ਸਿੱਖਿਆ ਖੇਤਰ ਵਿੱਚ ਚੰਗਾ ਕੰਮ ਕਰਨ ਵਾਲੇ ਸਾਰੇ ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ। ਮਾਤਾ ਸਾਹਿਬ ਕੌਰ ਸੀ.ਸੈ. ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਵੱਲੋਂ ਇਹ ਪੁਰਸਕਾਰ ਪ੍ਰਾਪਤ ਕਰਕੇ ਖੁਸ਼ੀ ਜ਼ਾਹਰ ਕੀਤੀ ਗਈ ਅਤੇ ਇਸ ਪੁਰਸਕਾਰ ਦਾ ਸਿਹਰਾ ਸਕੂਲ ਦੇ ਪ੍ਰਬੰਧਕ ਮਹੀਪਾਲ ਸਿੰਘ, ਗੁਰਿੰਦਰ ਸਿੰਘ, ਕਮਲਪਾਲ ਸਿੰਘ ਦੇ ਨਾਲ ਸਮੂਹ ਸਕੂਲ ਸਟਾਫ਼ ਨੂੰ ਦਿੱਤਾ। ਸਕੂਲ ਮੈਨਜਮੈਂਟ ਤੇ ਸਮੂਹ ਸਟਾਫ਼ ਵੱਲੋਂ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੂੰ ਵਧਾਈ ਦਿੱਤੀ ਗਈ।

ਨਗਰ ਕੌਂਸਲ ਵੱਲੋਂ ਸਵੱਛਤਾ ਉੱਪਰ ਕੰਮ ਕਰਨ ਵਾਲਿਆਂ ਦਾ ਸਨਮਾਨ

ਮਲੋਟ (ਗੁਰਮੀਤ ਸਿੰਘ ਮੱਕੜ)-ਨਗਰ ਕੌਂਸਲ ਮਲੋਟ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਵੱਛ ਭਾਰਤ ਮਿਸ਼ਨ ਤਹਿਤ ਸਵੱਛਤਾ ਹੀ ਸੇਵਾ ਪੱਖਵਾੜਾ 15 ਸਤੰਬਰ ਤੋਂ 2 ਅਕਤੂਬਰ ਤੱਕ ਮਨਾਇਆ ਜਾ ਰਿਹਾ ਹੈ, ਜਿਸ ਤਹਿਤ 2 ਅਕਤੂਬਰ ਨੂੰ ਸ਼ੁੱਭਦੀਪ ਸਿੰਘ (ਬਿੱਟੂ) ਪ੍ਰਧਾਨ ਨਗਰ ਕੌਂਸਲ ਤੇ ਜਗਸੀਰ ਸਿੰਘ ਧਾਲੀਵਾਲ ਕਾਰਜ ਸਾਧਕ ਅਫਸਰ ਨਗਰ ਕੌਂਸਲ ਦੀ ਅਗਵਾਈ ਹੇਠ ਸਨਮਾਨ ਸਮਰੋਹ ਮਨਾਇਆ ਗਿਆ। ਇਸ ਮੌਕੇ ਬੈਸਟ ਸਕੂਲਾਂ, ਸਵੱਛਤਾ ਚੈਂਪੀਅਨ, ਬੈਸਟ ਵੇਸਟ ਕੁਲੈਕਟਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਦੌਰਾਨ ਡੀ.ਏ.ਵੀ. ਐਡਵਰਡਗੰਜ ਸਕੂਲ ਨੇ ਪਹਿਲਾ ਸਥਾਨ, ਸਰਕਾਰੀ ਕੰਨਿਆ ਸੀਨੀਅਰ ਸੈਕੰ. ਸਕੂਲ ਮੰਡੀ ਹਰਜੀ ਰਾਮ ਨੇ ਦੂਸਰਾ ਸਥਾਨ, ਚੰਦਰ ਮਾਡਲ ਹਾਈ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਦੌਰਾਨ ਸ਼ਹਿਰ ਵਿੱਚ ਸਵੱਛਤਾ ਉੱਪਰ ਕੰਮ ਕਰਨ ਵਾਲੇ ਵਿਅਕਤੀਆਂ ਗੁਰਮੀਤ ਕੌਰ, ਊਸ਼ਾ ਰਾਣੀ, ਨਿਰਮਲ ਕੌਰ, ਸੁਭਾਸ਼ ਚਾਵਲਾ, ਮਨੋਜ ਕੁਮਾਰ, ਪਵਨ ਵਰਮਾ, ਜਤਿੰਦਰ ਕੁਮਾਰ ਬੱਠਲਾ (ਸੋਸ਼ਲ ਵਰਕਰ), ਸ਼ੇਖਰ ਕੁਮਾਰ (ਸੋਸ਼ਲ ਵਰਕਰ), ਸੁਖਦੀਪ ਸਿੰਘ (ਸੋਸ਼ਲ ਵਰਕਰ), ਦੀਪਕ ਕੁਮਾਰ (ਸੈਸਕਾਰ ਬੁੱਕ ਸੈਂਟਰ), ਰਾਹੁਲ ਗਗਨੇਜਾ (ਭੋਲੇ ਦੀ ਫੌਜ) ਅਤੇ ਟੀਮ, ਹਰਬੀਰ ਸਿ

4--Otc-PAGE- 8 qxd.qxd 10/3/2023 10:27 PM Page 1

ਕੈਬਿਨਟ ਮੰਤਰੀ ਬੈਂਸ ਵੱਲੋਂ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੁੜਨ ਦਾ ਸੱਦਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਖਿਡਾਰੀਆਂ ਨੂੰ ਖੇਡ ਮੈਦਾਨਾਂ ਵੱਲ ਲੈ ਕੇ ਜਾਣ ਲਈ ਹਰ ਸੰਭਵ ਉਪਰਾਲੇ ਕਰ ਰਹੀ ਹੈ। ਖੇਡਾਂ ਵਤਨ ਪੰਜਾਬ ਦੀਆਂ ਨੇ ਸੂਬੇ ਦੇ ਹਰ ਵਰਗ ਨੂੰ ਖੇਡ ਮੈਦਾਨਾਂ ਨਾਲ ਜੋੜਿਆ ਹੈ, ਸਰਕਾਰੀ ਸਕੂਲਾ ਦੇ ਵਿਦਿਆਰਥੀ ਹੁਣ ਖੇਡਾਂ ਵੱਲ ਹੋਰ ਵਧੇਰੇ ਰੁਚੀ ਲੈ ਰਹੇ ਹਨ। ਖੇਡ ਮੈਦਾਨਾਂ ਵਿਚ ਆਉਣ ਵਾਲੇ ਖਿਡਾਰੀ ਨਸ਼ਿਆਂ ਨੂੰ ਠੱਲ੍ਹ ਪਾਉਣ ਦੀ ਪੰਜਾਬ ਸਰਕਾਰ ਦੀ ਮੁਹਿੰਮ 'ਚ ਵੀ ਸਹਿਯੋਗ ਪਾਉਂਦੇ ਹਨ। ਉਹ ਹੋਰ ਨੌਜਵਾਨਾਂ ਲਈ ਵੀ ਰਾਹ ਦਸੇਰਾ ਬਣਦੇ ਹਨ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਅੱਜ ਰਾਮਪੁਰ ਵਿਖੇ ਬਾਲੀਵਾਲ ਗਰਾਊਂਡ ਖਿਡਾਰੀਆਂ ਨੂੰ ਲੋਕ ਅਰਪਣ ਕਰਨ ਮੌਕੇ ਕੀਤਾ। ਉਨ੍ਹਾਂ ਨੇ ਖਿਡਾਰੀਆਂ ਤੇ ਇਲਾਕਾ ਵਾਸੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਖੇਡ ਮੈਦਾਨ ਵੀ ਉਸਾਰੇ ਜਾ ਰਹੇ ਹਨ, ਜਿੱਥੇ ਸਾਰੀਆ ਆਧੁਨਿਕ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ। ਬੈਂਸ ਨੇ ਕਿਹਾ ਕਿ ਸਾਡੇ ਸੂਬੇ ਨੇ ਦੇਸ਼ ਨੂੰ ਹਮੇਸ਼ਾ ਨਾਮਵਾਰ ਖਿਡਾਰੀ ਦਿੱਤੇ ਹਨ, ਜਿਨ੍ਹਾਂ ਨੇ ਸੰਸਾਰ ਭਰ ਵਿੱਚ ਪੰਜਾਬ ਦਾ ਨਾਂਅ ਲਿਸ਼ਕਾਇਆ ਹੈ। ਉਨ੍ਹਾਂ ਕਿਹਾ ਕਿ ਖੇਡਾਂ ਲਈ ਪਿੰਡਾਂ ਵਿੱਚ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਨੌਜਵਾਨਾਂ ਲਈ ਜਿੰਮ ਅਤੇ ਸਕੂਲਾਂ 'ਚ ਖੇਡ ਮੈਦਾਨ ਲਗਾਤਾਰ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਰਾਮਪੁਰ ਇਲਾਕੇ ਨੇੜੇ ਜੰਗਲੀ ਜੀਵਾਂ ਤੇ ਬੇਸਹਾਰਾ ਲਵਾਰਿਸ ਪਸ਼ੂਆਂ ਤੋਂ ਬਚਾਅ ਲਈ ਤਾਰ ਲਗਾਈ ਜਾਵੇਗੀ ਅਤੇ ਇਸ ਇਲਾਕੇ ਦੀ ਪਾਣੀ ਦੀ ਸਮੱਸਿਆ ਜਲਦੀ ਹੱਲ ਹੋਵੇਗੀ। ਇਸ ਮੌਕੇ ਡਾ.ਸੰਜੀਵ ਗੌਤਮ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਸੱਮੀ ਬਰਾਰੀ, ਜਰਨੈਲ ਸਿੰਘ ਸਰਕਲ ਪ੍ਰਧਾਨ, ਦਰਸ਼ਨਾ ਕੌਰ ਸਰਪੰਚ, ਬਲਵਿੰਦਰ ਸਿੰਘ ਸਰਪੰਚ ਜੱਜਰ, ਗੁਰਚਰਨ ਸਿੰਘ ਨੰਬਰਦਾਰ, ਹਰਜੋਤ ਸਿੰਘ, ਕੇਸਰ ਸਿੰਘ, ਯੋਗਰਾਜ ਸ਼ਰਮਾ, ਨਰਿੰਦਰ ਕੁਮਾਰ, ਮਦਨ ਸ਼ਰਮਾ ਹਾਜ਼ਰ ਸਨ।

ਨਵੇਂ ਜ਼ਿਲ੍ਹਾ ਕਚਹਿਰੀ ਕੰਪਲੈਕਸ 'ਚ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਚਲਾਇਆ ਗਿਆ ਸਫ਼ਾਈ ਅਭਿਆਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਦੀ ਅਗਵਾਈ ਹੇਠ ਜੇ.ਐਮ.ਆਈ.ਸੀ ਅਤੇ ਡਿਊਟੀ ਮੈਜਿਸਟ੍ਰੇਟ ਗੁਰਪ੍ਰੀਤ ਕੌਰ ਵੱਲੋਂ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨਵੇਂ ਜ਼ਿਲ੍ਹਾ ਕਚਹਿਰੀ ਕੰਪਲੈਕਸ ਵਿਖੇ ਸਫ਼ਾਈ ਅਭਿਆਨ ਚਲਾ ਕੇ ਸ਼ਮਦਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਗੰਦਗੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਅਤੇ ਗੀਡਿਊਸ, ਗੀਯੂਜ਼ ਅਤੇ ਗੀਸਾਈਕਲ ਪ੍ਰੋਗਰਾਮ ਵੀ ਲਾਗੂ ਕੀਤਾ। ਇਸ ਨਾਲ ਅਦਾਲਤਾਂ ਦੇ ਅੰਦਰ ਮੁੜ ਵਰਤੋਂ ਯੋਗ ਸਮੱਗਰੀ ਦੀ ਵਰਤੋਂ ਕਰਕੇ ਘੱਟ ਤੋਂ ਘੱਟ ਕੂੜਾ ਪੈਦਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹੋਰ ਗਤੀਵਿਧੀਆਂ ਜਿਵੇਂ ਗਿੱਲਾ ਅਤੇ ਸੁੱਕਾ ਕੂੜਾ, ਡਸਟਬਿਨ ਸਿਸਟਮ, ਜ਼ੀਰੋ ਵੇਸਟ, ਲਾਲ ਅਤੇ ਪੀਲੇ ਸਪਾਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਸਮੂਹ ਸਟਾਫ਼ ਮੈਂਬਰਾਂ ਨੂੰ ਗਾਰਬੇਜ ਫਰੀ ਇੰਡੀਆ ਥੀਮ ਤਹਿਤ ਆਪਣੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ ਤਾਂ ਜੋ ਘਰ-ਘਰ ਜਾ ਕੇ ਆਮ ਲੋਕਾਂ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਸਟਾਫ਼ ਵੀ ਹਾਜ਼ਰ ਸੀ।

ਵਿਧਾਇਕ ਚੌਧਰੀ ਵੱਲੋਂ ਗਾਂਧੀ ਨੂੰ ਸ਼ਰਧਾਂਜਲੀ ਭੇਟ

ਫਿਲੌਰ (ਨਿਰਮਲ)- ਹਲਕਾ ਫਿਲੌਰ ਦੇ ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਗਾਂਧੀ ਜੈਯੰਤੀ ਮੌਕੇ ਇਥੇ ਸਤਲੁਜ ਦਰਿਆ ਦੇ ਕਿਨਾਰੇ ਗਾਂਧੀ ਸਮਾਰਕ 'ਤੇ ਫੁੱਲਾਂ ਦੀਆਂ ਮਾਲਾ ਭੇਂਟ ਕਰਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਚੌਧਰੀ ਦੀ ਮਾਤਾ ਬੀਬੀ ਕਰਮਜੀਤ ਕੌਰ ਚੌਧਰੀ ਸੇਵਾ ਮੁਕਤ ਡੀ.ਪੀ.ਆਈ. ਵੀ ਹਾਜਰ ਸਨ। ਉਕਤ ਸਥਾਨ ਸਤਲੁਜ ਦਰਿਆ ਦੇ ਕਿਨਾਰੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਵਿਧਾਇਕ ਚੌਧਰੀ ਅਤੇ ਉਨ੍ਹਾਂ ਦੀ ਮਾਤਾ ਬੀਬੀ ਚੌਧਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਰਾਸ਼ਟਰਪਿਤਾ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਦੇਸ਼ ਦੀ ਅਜਾਦੀ 'ਚ ਵੱਡਮੁੱਲਾ ਯੋਗਦਾਨ ਪਾਇਆ ਹੈ। ਵਿਰੋਧੀਆਂ ਨਾਲ ਲੜਨ ਲਈ 'ਅਹਿੰਸਾ' ਹੀ ਉਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਸੀ, ਇਸ ਲਈ ਸਾਨੂੰ ਵੀ ਹਮੇਸ਼ਾ ਅਹਿੰਸਾ ਦਾ ਮਾਰਗ ਅਪਨਾਉਣਾ ਚਾਹੀਦਾ ਹੈ। ਇਸ ਮੌਕੇ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਰਾਮ ਚੁੰਬਰ, ਕੌਂਸਲਰ ਰਾਜੇਸ ਰੈਂਕਸੀ, ਨਗਰ ਕੌਂਸਲ ਫਿਲੌਰ ਦੇ ਸਾਬਕਾ ਪ੍ਰਧਾਨ ਨਰਿੰਦਰ ਗੋਇਲ, ਦਵਿੰਦਰ ਸਿੰਘ ਲਸਾੜਾ, ਨੰਬਰਦਾਰ ਸੁਖਦੇਵ ਸਿੰਘ ਔਲਖ ਆਦਿ ਵੱਡੀ ਗਿਣਤੀ 'ਚ ਹਾਜਰ ਸਨ।

ਪਿੰਡਾਂ 'ਚ ਕਰਵਾਈ ਆਯੂਸ਼ਮਾਨ ਸਭਾ

ਮਹਿਤਪੁਰ (ਰਾਜਾ) ਆਯੂਸ਼ਮਾਨ ਭਵ ਮੁਹਿੰਮ ਦੇ ਅਖੀਰਲੇ ਦਿਨ ਸਿਹਤ ਵਿਭਾਗ ਵੱਲੋਂ ਬਲਾਕ ਮਹਿਤਪੁਰ ਦੇ ਸਮੂਹ ਪਿੰਡਾਂ ਵਿੱਚ ਆਯੂਸ਼ਮਾਨ ਸਭਾ ਦਾ ਆਯੋਜਨ ਕੀਤਾ ਗਿਆ। ਸਿਵਲ ਸਰਜਨ ਡਾ. ਰਮਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਵਿੱਚ ਆਯੋਜਿਤ ਕੀਤੀਆਂ ਗਈਆਂ ਇਨ੍ਹਾਂ ਸਭਾਵਾਂ ਵਿੱਚ ਪਿੰਡਾਂ ਦੇ ਪੰਚਾਇਤ ਮੈਂਬਰਾਂ ਅਤੇ ਆਮ ਵਸਨੀਕਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸਿਹਤ ਕਾਮਿਆਂ ਵੱਲੋਂ ਉਨ੍ਹਾਂ ਨੂੰ ਵੱਧੋ-ਵੱਖ ਸਿਹਤ ਯੋਜਨਾਵਾਂ ਅਤੇ ਸਹੂਲਤਾਂ ਬਾਰੇ ਦੱਸਿਆ ਗਿਆ। ਨਾਲ ਹੀ ਆਯੂਸ਼ਮਾਨ ਸਿਹਤ ਖਾਤੇ ਬਣਾਏ ਗਏ। ਐਸਐਮਓ ਡਾ. ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਦੇਸ਼ ਭਰ ਵਿੱਚ ਆਯੁਸ਼ਮਾਨ ਭਵ ਮੁਹਿੰਮ 17 ਸਤੰਬਰ ਤੋਂ 02 ਅਕਤੂਬਰ ਤੱਕ ਚਲਾਈ ਗਈ। ਇਸ ਤਹਿਤ ਹੈਲਥ ਐਂਡ ਵੈਲਨੈਸ ਸੈਂਟਰਾਂ ਅਤੇ ਸੀਐਚਸੀ ਪੱਧਰ 'ਤੇ ਸਿਹਤ ਮੇਲੇ ਲਗਾਏ ਗਏ। ਇੱਕ ਅਕਤੂਬਰ ਨੂੰ ਸਫਾਈ ਅਭਿਆਨ ਚਲਾਇਆ ਗਿਆ ਅਤੇ ਗਾਂਧੀ ਜਯੰਤੀ ਦੇ ਦਿਨ ਆਯੂਸ਼ਮਾਨ ਸਭਾ ਦਾ ਆਯੋਜਨ ਕੀਤਾ ਗਿਆ।

ਪੰਜ ਜੁਆਰੀਏ ਗ੍ਰਿਫ਼ਤਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਇੰਸਪੈਕਟਰ ਉਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ਨੇ ਦੱਸਿਆ ਕਿ ਏ.ਐਸ.ਆਈ ਬਲਵੀਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਅਹੀਆਪੁਰ, ਕਾਦਰੀਚੱਕ,ਤੱਲਾ,ਮੁੱਦਾ ਮਿਆਣੀ ਆਦਿ ਨੂੰ ਜਾ ਰਹੀ ਸੀ ਕਿ ਸ਼ਿਮਲਾ ਪਹਾੜੀ ਟਾਂਡਾ ਪਾਸ ਪੁੱਜੀ ਤਾਂ ਮੁੱਖਬਰ ਖਾਸ ਦੀ ਇਤਲਾਹ 'ਤੇ ਅਹੀਆਪੁਰ ਵਿਖੇ ਰੇਡ ਕੀਤੀ ਤਾਂ ਉਥੇ ਤਾਸ਼ ਨਾਲ ਜੂਆ ਖੇਡ ਰਹੇ ਮੰਗਲ ਦਾਸ ਉਰਫ ਮੰਗਾ ਪੁੱਤਰ ਹੰਸ ਰਾਜ ਵਾਸੀ ਵਾਰਡ ਨੰ:14 ਅਹੀਆਪੁਰ, ਗੁਰਸ਼ਰਨ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਵਾਰਡ ਨੰ: 12 ਵਾਲਮੀਕ ਮੁਹੱਲਾ ਟਾਂਡਾ ,ਜੈਕੀ ਪੁੱਤਰ ਰੇਸਮ ਵਾਸੀ ਤੱਲਾ ਥਾਣਾ ਟਾਂਡਾ,ਰਿੰਕੂ ਪੁੱਤਰ ਰਾਜਵੀਰ ਵਾਸੀ ਵਾਰਡ ਨੰ:14 ਅਹੀਆਪੁਰ ਅਤੇ ਬਲਵੀਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਵਾਸੀ ਵਾਰਡ ਨੰ:14 ਅਹੀਆਪੁਰ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 3810 ਰੁ: ਭਾਰਤੀ ਕਰੰਸੀ ਬਰਾਮਦ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਜਥੇਦਾਰ ਜਲਵੇਹੜਾ ਵੱਲੋਂ ਰਾਸ਼ੀ ਭੇਟ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਜਲਵੇਹੜਾ ਵਿਖੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਨੂੰ ਨੰਬਰਦਾਰ ਜਥੇਦਾਰ ਪਰਮਜੀਤ ਸਿੰਘ ਜਲਵੇਹੜਾ ਵੱਲੋਂ ਰਾਸ਼ੀ ਭੇਟ ਕੀਤੀ ਗਈ। ਜਲਵੇਹੜਾ ਦੀ ਪੋਤਰੀ ਕੈਰਾਪ੍ਰੀਤ ਕੌਰ ਸਪੁੱਤਰੀ ਰਮਨਦੀਪ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿੱਚ -11000 ਰੁਪਿਆ ਦੀ ਸੇਵਾ ਭੇਟ ਕੀਤੀ ਗਈ । ਇਸ ਮੌਕੇ ਸੰਸਥਾ ਮੁੱਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਅਤੇ ਸੰਸਥਾ ਦੀ ਸਮੁੱਚੀ ਟੀਮ ਵਲੋਂ ਜਲਵੇਹੜਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਤਿੰਦਰ ਸਿੰਘ ਰਾਣਾ ਖਾਲਸਾ ਮੁੱਖਲਿਆਣਾ, ਸੁਰਿੰਦਰ ਪਾਲ ਸਿੰਘ ਅਜਨੋਹਾ, ਮੁਹੰਮਦ ਅਸਾਕ ਭਾਮ, ਨਰਿੰਦਰ ਸਿੰਘ ਹਾਰਟਾ ਆਦਿ ਹਾਜਰ ਸਨ।

ਵੱਖ-ਵੱਖ ਸਕੂਲਾਂ ਵਿੱਚ ਫੌਗਿੰਗ

ਕਾਲਾ ਸੰਘਿਆਂ (ਮਨਜੀਤ ਮਾਨ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਨ ਪੁਰ ਢੱਡਾ, ਸਰਕਾਰੀ ਪ੍ਰਾਇਮਰੀ ਸਕੂਲ ਖਾਨ ਪੁਰ ਢੱਡਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਬਿੱਲੀ ਚਾਓ ਜ਼ਿਲ੍ਹਾ ਜਲੰਧਰ ਦੇ ਤਿੰਨ ਸਕੂਲਾਂ ਵਿੱਚ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਡੇਂਗੂ ਤੋਂ ਬਚਾਅ ਲਈ ਡਾਕਟਰ ਜਗਜੀਤ ਸਿੰਘ ਜੱਜ ਤੇ ਹਰਪ੍ਰੀਤ ਸਿੰਘ ਦੀ ਟੀਮ ਵੱਲੋਂ ਤਿੰਨਾਂ ਸਕੂਲਾਂ ਵਿੱਚ ਫਾਗਿੰਗ ਕੀਤੀ ਗਈ ਅਤੇ ਤਿੰਨਾਂ ਸਕੂਲਾਂ ਨੂੰ ਡੇਂਗੂ ਮੱਛਰ ਅਤੇ ਉਸ ਦੇ ਲਾਰਵਾ ਤੋਂ ਮੁਕਤ ਕੀਤਾ ਗਿਆ ਇਸ ਮੌਕੇ ਤਿੰਨ ਸਕੂਲਾਂ ਦੇ ਮੁਖੀ ਸ੍ਰੀ ਮੁਕੇਸ਼ ਗੌਤਮ, ਲਖਵਿੰਦਰ ਸਿੰਘ ਹੁੰਦਲ, ਦਵਿੰਦਰ ਸਿੰਘ ਪੰਧੇਰ, ਉੱਘੇ ਸਮਾਜ ਸੇਵਕ ਨਿਰਮਲ ਸਿੰਘ ਪੰਚ ਬਿਲੀ ਚਾਓ ਵਾਇਸ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਟਕਸਾਲੀ ਤੋਂ ਇਲਾਵਾ ਸਮੂਹ ਸਕੂਲ ਸਟਾਫ ਤੇ ਪਤਵੰਤੇ ਹਾਜਰ ਸਨ। ਇਸ ਮੌਕੇ ਸਕੂਲ ਦੇ ਸਮੂਹ ਸਕੂਲ ਸਟਾਫ ਵੱਲੋਂ ਇਸ ਨੇਕ ਕਾਰਜ ਲਈ ਆਏ ਵੀਰਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਕੀਤੇ ਜਾ ਰਹੇ ਨੇਕ ਕਾਰਜਾਂ ਦੀ ਸਲਾਘਾ ਕੀਤੀ।

ਸੰਤ ਬਾਬਾ ਜਵਾਹਰ ਦਾਸ ਦੀ ਸਾਲਾਨਾ ਯਾਦ 'ਚ ਧਾਰਮਿਕ ਸਮਾਗਮ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਬਾਬਾ ਜਵਾਹਰ ਦਾਸ ਜੀ ਦੀ ਸਾਲਾਨਾ ਯਾਦ ਦੇ ਸਬੰਧ ਵਿੱਚ ਪਿੰਡ ਨੰਗਲ ਖਿਡਾਰੀਆਂ ਵਿਖੇ ਸਮੁੱਚੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਪੂਰਵਕ ਢੰਗ ਨਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ, ਨਿਸ਼ਾਨ ਸਾਹਿਬ ਚੜਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਨਗਰ ਕੀਰਤਨ ਸਜਾਇਆ ਗਿਆ। ਸੰਤ ਰਮੇਸ਼ ਦਾਸ ਡੇਰਾ ਸ਼ੇਰਪੁਰ ਕਲਰਾਂ, ਸੰਤ ਦਰਸ਼ਨ ਸਿੰਘ, ਡਾਕਟਰ ਰਾਜ ਕੁਮਾਰ ਵਿਧਾਇਕ ਹਲਕਾ ਚੱਬੇਵਾਲ, ਸਰਪੰਚ ਬੰਧਨਾਂ ਦੇਵੀ, ਸਵਾਮੀ ਰਜਿੰਦਰ ਰਾਣਾ, ਪ੍ਰਧਾਨ ਅਸ਼ੋਕ ਕੁਮਾਰ, ਬਲਰਾਜ ਬੰਗਾ, ਦਲਜੀਤ ਬੰਗਾ, ਹੁਕਮ ਚੰਦ ਸਮੇਤ ਸੰਤ ਮਹਾਂਪੁਰਸ਼ ਅਤੇ ਇਲਾਕੇ ਦੀਆਂ ਸਨਮਾਨ ਯੋਗ ਸ਼ਖਸੀਅਤਾਂ ਹਾਜਰ ਹੋਈਆਂ। ਸੰਗਤਾਂ ਨਾਲ ਧਾਰਮਿਕ ਪ੍ਰਵਚਨ ਕਰਦਿਆਂ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਭਾਈਚਾਰਕ ਸਾਂਝ ਪੈਦਾ ਕਰਦੇ ਹਨ ਸਾਨੂੰ ਸੰਤਾਂ ਮਹਾਂਪੁਰਸ਼ਾਂ ਦੇ ਪਰਉਪਕਾਰੀ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ- ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਊਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਨਸ਼ੀਲੇ ਪਦਾਰਥ ਸਮੇਤ ਔਰਤ ਤੇ ਪੁਰਸ਼ ਗ੍ਰਿਫ਼ਤਾਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਏ .ਐਸ .ਆਈ .ਵਿਜੇ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਜਦੋਂ ਪਿੰਡ ਹਰਮੋਇਆ ਤੋਂ ਬਡਲਾ ਵੱਲ ਨੂੰ ਜਾ ਰਹੇ ਸੀ ਜੋ ਅੱਗੇ ਤੋਂ ਇੱਕ ਮੋਟਰਸਾਈਕਲ ਨੰ: ਪੀ ਬੀ 07 ਏ ਟੀ 9577 ਜਿਸ ਨੂੰ ਇੱਕ ਨੌਜਵਾਨ ਵਿਅਕਤੀ ਚਲਾ ਰਿਹਾ ਸੀ ਜਿਸ ਦੇ ਪਿੱਛੇ ਇੱਕ ਔਰਤ ਬੈਠੀ ਸੀ ਨੂੰ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਪ੍ਰੰਤੂ ਉਨ੍ਹਾਂ ਮੋਟਰਸਾਈਕਲ ਪਿੱਛੇ ਮੋੜ ਲਿਆ ਜੋ ਡਿੱਗ ਪਿਆ, ਨਾਲ ਹੀ ਇੱਕ ਕਾਲੇ ਰੰਗ ਦਾ ਮੋਮੀ ਲਿਫਾਫਾ ਵੀ ਸੜਕ 'ਤੇ ਡਿੱਗ ਪਿਆ। ਏ ਐਸ ਆਈ ਨੇ ਸ਼ੱਕ ਦੀ ਬਿਨ੍ਹਾ 'ਤੇ ਦਲਵਿੰਦਰ ਕੁਮਾਰ ਉਰਫ ਬਿੰਦਰ ਪੁੱਤਰ ਅਮਰਜੀਤ ਵਾਸੀ ਪੱਟੀ ਥਾਣਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਕਮਲੇਸ਼ ਕੌਰ ਪੁੱਤਰੀ ਪ੍ਰਕਾਸ਼ ਚੰਦ ਵਾਸੀ ਹਾਰਟਾ ਥਾਣਾ ਮੇਹਟੀਆਣਾ ਨੂੰ ਕਾਬੂ ਕਰ ਕੇ ਲਿਫਾਫਾ ਚੈਕ ਕੀਤਾ ਤਾਂ ਉਸ ਵਿੱਚੋਂ 245 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ । ਉਨ੍ਹਾਂ 'ਤੇ 22-61-85 ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਆਸਟ

4--Otc-PAGE- 9 qxd.qxd 10/3/2023 10:26 PM Page 1

ਪ੍ਰਾਇਮਰੀ ਖੇਡਾਂ ਦੀ ਤਿਆਰੀ ਨੂੰ ਲੈ ਕੇ ਅਧਿਆਪਕਾਂ ਦੀ ਮੀਟਿੰਗ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)- ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਹੋਣ ਵਾਲੀਆਂ ਸਿੱਖਿਆ ਬਲਾਕ ਨੂਰਪੁਰਬੇਦੀ ਦੀਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਦੀ ਤਿਆਰੀ ਨੂੰ ਲੈ ਕੇ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਡੂਮੇਵਾਲ ਵਿਖੇ ਬੀ.ਪੀ.ਈ.ਓ. ਨੂਰਪੁਰਬੇਦੀ ਰਾਕੇਸ਼ ਕੁਮਾਰ ਰੋੜੀ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੇ ਭਾਗ ਲਿਆ। ਇਸ ਦੌਰਾਨ ਬਲਾਕ ਨੂਰਪੁਰਬੇਦੀ ਅਧੀਨ ਪੈਂਦੇ ਸੈਂਟਰ ਸਕੂਲਾਂ ਦੇ ਵਿਦਿਆਰਥੀਆਂ ਦੀਆਂ 10, 11 ਅਤੇ 12 ਅਕਤੂਬਰ ਨੂੰ 3 ਰੋਜ਼ਾ ਬਲਾਕ ਪੱਧਰੀ ਖੇਡਾਂ ਕਰਵਾਉਣ ਦਾ ਫੈਸਲਾ ਲਿਆ ਗਿਆ। ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਉਕਤ ਸਕੂਲਾਂ ਦੀਆਂ ਬਲਾਕ ਪੱਧਰੀ ਖੇਡਾਂ ਡੂਮੇਵਾਲ ਸਕੂਲ ਵਿਖੇ ਨਵੇਂ ਉਸਾਰੇ ਗਏ ਨਵੇਂ ਖੇਡ ਮੈਦਾਨ 'ਚ ਕਰਵਾਈਆਂ ਜਾਣਗੀਆਂ। ਇਨ੍ਹਾਂ ਖੇਡਾਂ ਲਈ ਕਨਵੀਨਰ ਨਿਯੁਕਤ ਕੀਤੇ ਗਏ ਝੱਜ ਦੇ ਸੀ.ਐੱਚ.ਟੀ. ਮਾ. ਰਾਕੇਸ਼ ਭੰਡਾਰੀ ਨੇ ਦੱਸਿਆ ਕਿ ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਬੀ.ਪੀ.ਈ.ਓ. ਰੋੜੀ ਨੇ ਦੱਸਿਆ ਕਿ ਕਲੱਸਟਰ ਸਕੂਲਾਂ ਦੇ ਸੈਂਟਰ ਪੱਧਰ 'ਤੇ ਜੇਤੂ ਰਹੇ ਬੱਚੇ ਇਸ ਟੂਰਨਾਮੈਂਟ 'ਚ ਭਾਗ ਲੈਣਗੇ ਅਤੇ ਜਿਨ੍ਹਾਂ 'ਚੋਂ ਅੱਵਲ ਆਉਣ ਵਾਲੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਚੁਣੇ ਜਾਣਗੇ। ਮੀਟਿੰਗ 'ਚ ਨੂਰਪੁਰਬੇਦੀ, ਜੇਤੇਵਾਲ, ਖੇੜੀ, ਝੱਜ, ਖੇੜਾ ਕਲਮੋਟ, ਘਾਹੀਮਾਜਰਾ, ਮਣਕੂ ਮਾਜਰਾ, ਡੂਮੇਵਾਲ, ਥਾਣਾ, ਮੁਕਾਰੀ, ਮਵਾ, ਭੈਣੀ, ਕੱਟਾ, ਕਰੂਰਾ, ਖੂਹੀ, ਭੰਗਲ, ਸਮੁੰਦੜੀਆਂ, ਪਲਾਟਾ, ਹਰੀਪੁਰ ਅਤੇ ਕਲਵਾਂ ਆਦਿ ਸਕੂਲਾਂ ਦੇ ਅਧਿਆਪਕਾਂ ਨੇ ਭਾਗ ਲਿਆ। ਬੈਠਕ 'ਚ ਸੀ.ਐੱਚ.ਟੀ. ਹਰਦੀਪ ਸਿੰਘ, ਚੰਨਣ ਸਿੰਘ, ਅਮਰਜੀਤ ਸਿੰਘ, ਸੰਗੀਤਾ ਭੰਡਾਰੀ, ਪ੍ਰਭਦੀਪ ਕੌਰ, ਬਲਵੀਰ ਸਿੰਘ, ਗੁਰਪ੍ਰੀਤ ਸਿੰਘ, ਸਰਪੰਚ ਭਾਗ ਸਿੰਘ, ਮਨਦੀਪ ਸਿੰਘ, ਸੁਖਦੇਵ ਸਿੰਘ ਕਰੂਰਾ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਗਵਿੰਦਰ ਸਿੰਘ, ਹਰਜੀਤ ਕੌਰ, ਪ੍ਰਿੰਸ ਅਤੇ ਰੁਪਿੰਦਰ ਸਿੰਘ ਆਦਿ ਅਧਿਆਪਕ ਹਾਜ਼ਰ ਸਨ।

16 ਤੋਂ ਰੋਜ਼ਾਨਾ ਲੜੀਵਾਰ ਧਰਨੇ ਦਾ ਐਲਾਨ

ਫਿਲੌਰ (ਨਿਰਮਲ)- ਜਨਤਕ ਸਿਹਤ ਸਹੂਲਤਾਂ ਨੂੰ ਬਚਾਉਣ ਲਈ ਅੰਦੋਲਨ ਕਰ ਰਹੀ ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਵੱਲੋਂ ਫਿਲੌਰ 'ਚ ਵਿਸ਼ਾਲ ਪ੍ਰਦਰਸ਼ਨ 'ਤੇ ਰੋਸ ਮਾਰਚ ਕਰਕੇ ਅਗਲੇ ਅੰਦੋਲਨ ਦਾ ਐਲਾਨ ਕੀਤਾ ਗਿਆ। ਸਿਵਲ ਹਸਪਤਾਲਾਂ ਨੂੰ ਬਚਾਉਣ ਲਈ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਜਿਹਨਾਂ ਵਿੱਚ ਦਿਹਾਤੀ ਮਜਦੂਰ ਸਭਾ, ਜਮਹੂਰੀ ਕਿਸਾਨ ਸਭਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਔਰਤ ਮੁਕਤੀ ਮੋਰਚਾ, ਅੰਬੇਡਕਰ ਸੈਨਾ ਪੰਜਾਬ, ਸਮਾਜ ਸੇਵੀ ਜਥੇਬੰਦੀਆਂ, ਪਿੰਡਾਂ ਦੀਆਂ ਪੰਚਾਇਤਾਂ 'ਤੇ ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਫਿਲੌਰ ਵੱਲੋਂ 21 ਮੈਂਬਰੀ 'ਸਿਵਲ ਹਸਪਤਾਲ ਬਚਾਓ ਸੰਘਰਸਸ਼ ਕਮੇਟੀ ਤਹਿਸੀਲ ਫਿਲੌਰ ਵਲੋਂ ਵਿਸ਼ਾਲ ਇਕੱਠ ਕੀਤਾ ਗਿਆ 'ਤੇ ਸ਼ਹਿਰ 'ਚ ਰੋਸ ਮਾਰਚ ਕੀਤਾ ਗਿਆ। ਇਸ ਸਮੇਂ ਆਗੂਆਂ ਜਰਨੈਲ ਫਿਲੌਰ, ਤਹਿਸੀਲ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਦੀਪਕ ਰਸੂਲਪੁਰੀ ਪ੍ਰਧਾਨ ਅੰਬੇਡਕਰ ਸੈਨਾ ਤਹਿਸੀਲ ਫਿਲੌਰ, ਪਰਸ਼ੋਤਮ ਫਿਲੌਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਮਾਸਟਰ ਹੰਸ ਰਾਜ ਪ੍ਰਧਾਨ ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਸੰਤੋਖਪੁਰਾ, ਸਰਬਜੀਤ ਸਿੰਘ ਸਰਪੰਚ ਭੱਟੀਆਂ, ਜਸਵੰਤ ਅੱਟੀ, ਵਿਸ਼ਾਲ ਖਹਿਰਾ, ਕਰਨੈਲ ਫਿਲੌਰ, ਅਮਰਜੀਤ ਲਾਡੀ ਆਦਿ ਆਗੂਆਂ ਵੱਲੋਂ ਅਗਲੇ ਸੰਘਰਸ਼ ਦਾ ਐਲਾਨ ਕੀਤਾ ਗਿਆ ਜਿਸ 'ਚ 16 ਅਕਤੂਬਰ ਤੋਂ 31 ਅਕਤੂਬਰ ਤੱਕ ਲੜੀਵਾਰ ਰੋਜਾਨਾ ਧਰਨਾ ਤਹਿਸੀਲ ਕੰਪਲੈਕਸ ਫਿਲੌਰ ਵਿਖੇ ਹੋਵੇਗਾ।

ਸੱਚਾਈ ਤੇ ਅਹਿੰਸਾ ਦੇ ਮਾਰਗ 'ਤੇ ਚੱਲਣ ਦੀ ਜ਼ਰੂਰਤ-ਬੰਡਾਰੂ ਦੱਤਾਤ੍ਰੇਅ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਕਿਹਾ ਕਿ ਦੇਸ਼ ਦੁਨੀਆ ਤੇ ਸਮਾਜ ਨੂੰ ਮਹਾਤਮਾ ਗਾਂਧੀ ਦੇ ਦੱਸੇ ਸੱਚ ਅਹਿੰਸਾ ਦੇ ਮਾਰਗ 'ਤੇ ਚੱਲਣ ਦੀ ਜਰੂਰਤ ਹੈ ਤਾਂ ਜੋ ਅਸੀਂ ਮਨੁੱਖ ਵਿਚ ਪਨਪ ਰਹੀ ਦੁਸ਼ਮਣੀ ਦੀ ਭਾਵਨਾ ਨੂੰ ਖਤਮ ਕਰ ਕੇ ਆਪਸੀ ਭੇਦਭਾਵ ਅਤੇ ਭਾਈਚਾਰੇ ਦੀ ਭਾਵਨਾ ਨੂੰ ਪ੍ਰੋਤਸਾਹਨ ਦੇ ਸਕੀਏ। ਰਾਜਪਾਲ ਇੱਥੇ ਹਰਿਆਣਾ ਰਾਜ ਭਵਨ ਵਿਚ ਪ੍ਰਬੰਧਿਤ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ 154ਵੀਂ ਜੈਯੰਤੀ ਮੌਕੇ 'ਤੇ ਬੋਲ ਰਹੇ ਸਨ। ਉਨ੍ਹਾਂ ਨੇ ਮਹਾਤਮਾ ਗਾਂਧੀ ਦੀ ਫੋਟੋ 'ਤੇ ਪੁਸ਼ਪਾਂਜਲੀ ਅਰਪਿਤ ਕਰ ਉਨ੍ਹਾਂ ਨੂੰ ਭਾਵਭਿਨੀ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਇਸੀ ਦੌਰਾਨ ਭਾਰਤ ਦੇ ਦੂਜੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਫੋਟੋ 'ਤੇ ਵੀ ਪੁਸ਼ਪਾਂਜਲੀ ਅਰਪਿਤ ਕਰ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਦੇ ਆਦਰਸ਼ ਤੇ ਸਿਧਾਂਤਾਂ 'ਤੇ ਚਾਨਣ ਪਾਇਆ। ਰਾਜਪਾਲ ਨੇ ਕਿਹਾ ਕਿ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਸਰਵਧਰਮ ਤਾਲਮੇਲ ਦਾ ਪਾਠ ਪੜ੍ਹਾਉਂਦੇ ਹੋਏ ਇਕ ਧਾਗੇ ਵਿਚ ਪਿਰੋ ਕੇ ਦੇਸ਼ ਨੂੰ ਆਜ਼ਾਦੀ ਦਿਵਾਈ। ਉਨ੍ਹਾਂ ਨੇ ਮਹਾਤਮਾ ਬੁੱਧ ਦੇ ਦੱਸੇ ਸੱਚ-ਅਹਿੰਸਾ ਦੇ ਰਸਤੇ 'ਤੇ ਚਲਦੇ ਹੋਏ ਮਨੁੱਖਤਾ ਨੂੰ ਸ਼ਾਂਤੀ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ-ਨਾਲ ਦੇਸ਼ ਨੂੰ ਕੌਮੀ ਏਕਤਾ ਦੇ ਧਾਗੇ ਵਿਚ ਪਿਰੋਣ ਅਤੇ ਮਜਬੂਤੀ ਪ੍ਰਦਾਨ ਕਰਨ ਲਈ ਗਾਂਧੀ ਨੇ ਕਈ ਅੰਦੋਲਨ ਚਲਾਏ। ਮੁੱਖ ਮੰਤਰੀ ਮਨੋਹਰ ਲਾਲ ਨੇ ਵੀ ਰਾਸ਼ਟਰਪਿਤਾ ਮਹਾਤਮਾ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਸੁਰਗਵਾਸੀ ਲਾਲ ਬਹਾਦੁਰ ਸ਼ਾਸਤਰੀ ਦੀ ਫੋਟੋ 'ਤੇ ਪੁਸ਼ਪਾਂਜਲੀ ਅਰਪਿਤ ਕਰ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਬਾਪੂ ਦੇ ਆਦਰਸ਼ ਤੇ ਵਿਚਾਰ ਢੁੱਕਵੇਂ ਹਨ ਸਾਨੂੰ ਉਨ੍ਹਾਂ ਦਾ ਅਨੁਸਰਣ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਨੌਜੁਆਨਾਂ ਨੂੰ ਅਪੀਲ ਕੀਤੀ ਕਿ ਉਹ ਏਕਤਾ ਤੇ ਅਨੁਸ਼ਾਸਨ ਦੇ ਧਾਗੇ ਵਿਚ ਬੰਨ੍ਹ ਕੇ ਦੇਸ਼ ਤੇ ਸੂਬੇ ਦੀ ਤਰੱਕੀ ਲਈ ਕਾਰਜ ਕਰਨ ਦਾ ਪ੍ਰਣ ਲੈਣ। ਇੱਥੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਅਤੇ ਲਾਲ ਬਹਾਦੁਰ ਸ਼ਾਸਤਰੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ 'ਤੇ ਗ੍ਰਹਿ ਸਕੱਤਰ ਟੀਵੀਐੱਸਐੱਨ ਪ੍ਰਸਾਦ, ਕਮਿਸ਼ਨਰ ਅਤੇ ਸਕੱਤਰ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਅਤੇ ਮਹਾਨਿਦੇਸ਼ਕ ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਡਾ. ਅਮਿਤ ਅਗਰਵਾਲ, ਰਾਜਪਾਲ ਦੇ ਸਕੱਤਰ ਅਤੁਲ ਦਿਵੇਦੀ, ਹਰਿਆਣਾ ਤਾਲਾਬ ਅਥਾਰਿਟੀ ਦੀ ਚੇਅਰਮੈਨ ਕੇਸ਼ਨੀ ਆਨੰਦ ਅਰੋੜਾ, ਰਾਜਪਾਲ ਦੇ ਸੰਯੁਕਤ ਸਕੱਤਰ ਅਮਰਜੀਤ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

ਕਮਲੇਸ਼ ਘੋੜਾ ਤੁਰੰਤ ਸੰਗਤਾਂ ਤੋਂ ਮਾਫੀ ਮੰਗੇ : ਠਰੋਲੀ, ਨੇਕੂ, ਅਜਨੋਹਾ

ਹੁਸ਼ਿਆਰਪੁਰ (ਓ ਪੀ ਰਾਣਾ)-ਬੇਗਮਪੁਰਾ ਟਾਇਗਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਫੋਰਸ ਦੇ ਸਬ ਦਫਤਰ ਬਸੀ ਕਿੱਕਰਾ ਨੇੜੇ ਸੂਦ ਫਾਰਮ ਹੁਸ਼ਿਆਰਪੁਰ ਵਿਖੇ ਸੂਬਾ ਪ੍ਰਧਾਨ ਵੀਰਪਾਲ ਠਰੋਲੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਵਿਸੇਸ਼ ਤੌਰ 'ਤੇ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ , ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗਰ੍ਹ ਨੇ ਸ਼ਿਰਕਤ ਕੀਤੀ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਫੋਰਸ ਦੇ ਆਗੂਆ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ ਸਾਹਿਬ ਵਿਖੇ ਪਿਛਲੇ ਸਮੇਂ ਦੌਰਾਨ ਹੋਈਆਂ ਬੇਨਿਯਮੀਆਂ ਅਤੇ ਜਿਆਦਤੀਆਂ ਕਾਰਨ ਇੱਕ ਪਾਸੇ ਵਿਸ਼ਵਭਰ ਦੀਆਂ ਸੰਗਤਾਂ ਅੰਦਰ ਰੋਸ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ, ਮਾਲਵੇ ਦੀਆਂ ਸੰਗਤਾਂ ਅਤੇ ਜਿਆਦਤੀਆਂ ਦੇ ਸ਼ਿਕਾਰ ਹੋਏ ਸੰਤਾਂ, ਸੇਵਾਦਾਰਾਂ ਅਤੇ ਉਥੋਂ ਕੁੱਟ ਮਾਰ ਕਰਕੇ ਕੱਢੇ ਬੱਚਿਆਂ ਆਦਿ ਸੰਗਤਾਂ ਵਲੋਂ ਮਾਲਵੇ ਦੀ ਧਰਤੀ 'ਤੇ ਵੱਡਾ ਇਕੱਠ ਕਰਕੇ ਰੋਸ ਜਾਹਿਰ ਕੀਤਾ ਹੈ ਅਤੇ ਇਕ ਕਮੇਟੀ ਬਣਾਕੇ ਹਰ ਪੱਖ ਦੀ ਜਾਂਚ ਪੜਤਾਲ ਕਰਨ ਅਤੇ ਆਮ ਇਜਲਾਸ ਬਲਾਉਣ ਦੀ ਵੀ ਮੰਗ ਕੀਤੀ ਹੈ ਪਰ ਦੂਜੇ ਪਾਸੇ ਚੇਅਰਪ੍ਰਸਨ ਬੀਬੀ ਕਮਲੇਸ਼ ਕੌਰ ਘੋੜਾ ਵਲੋਂ ਦਿੱਲੀ ਦੇ ਬੰਦ ਕਮਰੇ ਵਿਚ ਬੈਠ ਕੇ ਕੇਵਲ ਇੱਕ ਵਿਅਕਤੀ ਦਾ ਪੱਖ ਸੁਣਕੇ ਇੱਕ ਚਿੱਠੀ ਜਾਰੀ ਕਰਕੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਬੀਬੀ ਕਮਲੇਸ਼ ਕੌਰ ਘੋੜਾ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਪ੍ਰਤੀ ਸੱਚੀ ਸੁੱਚੀ ਸ਼ਰਧਾ ਰੱਖਣ ਵਾਲੀ ਵਿਸ਼ਵਭਰ ਦੀ ਸੰਗਤ ਨੂੰ ਸ਼ਰਾਰਤੀ ਅਨਸਰ ਕਹਿਣ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਬੀਬੀ ਘੋੜਾ ਆਪਣੇ ਬਿਆਨ ਲਈ ਸੰਗਤਾਂ ਤੋਂ ਤੁਰੰਤ ਮਾਫੀ ਮੰਗੇ ਨਹੀਂ ਤਾਂ ਬੇਗਮਪੁਰਾ ਟਾਈਗਰ ਫੋਰਸ ਵਲੋਂ ਪੰਜਾਬ ਪੱਧਰ 'ਤੇ ਵਿਰੋਧ ਕੀਤਾ ਜਾਵੇਗਾ। ਉਨਾਂ ਕਿਹਾ ਕਿ ਬੀਬੀ ਕਮਲੇਸ਼ ਘੋੜਾ ਨੂੰ ਸੰਗਤਾਂ ਦਾ ਪੱਖ ਵੀ ਸੁਣਨਾ ਚਾਹੀਦਾ ਹੈ। ਬੇਗਮਪੁਰਾ ਟਾਇਗਰ ਫੋਰਸ ਨੇ ਇਕ ਵਾਰ ਫਿਰ "ਆਦਿ ਧਰਮ ਗੁਰੂ" ਸੰਤ ਸਰਵਣ ਦਾਸ ਜੀ ਅਤੇ ਆਲ ਇੰਡੀਆ ਆਦਿ ਮਿਸ਼ਨ (ਰਜਿ.) ਭਾਰਤ, ਪ੍ਰਬੰਧਕ ਕਮੇਟੀ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਤੋਂ ਆਮ ਇਜਲਾਸ ਬੁਲਾਉਣ ਦੀ ਪੁਰਜ਼ੋਰ ਮੰਗ ਕੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ ,ਮਨਪ੍ਰੀਤ ਕੋਹਲੀ,ਅਜੈ ਕੁਮਾਰ,ਵਿੱਕੀ ਸਿੰਘ ਪੁਰਹੀਰਾ ,ਗੁਰਪ੍ਰੀਤ ਕੁਮਾਰ,ਸਨੀ ਸੀਣਾ ,ਭਿੰਦਾ ਸੀਣਾ ,ਅਮਨਦੀਪ, ,ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ , ਸਤੀਸ਼ ਕੁਮਾਰ ਸ਼ੇਰਗੜ, ਚਰਨਜੀਤ ਸਿੰਘ ਡਾਡਾ , ਬਲਵਿੰਦਰ ਸ਼ੇਰਗੜੀਆ,ਗਗਨਦੀਪ ਸ਼ੇਰਗੜੀਆ,ਅਮਰੀਕ ਸ਼ੇਰਗੜੀਆ ,ਭੁਪਿੰਦਰ ਮਾਨਾ ,ਅਵਤਾਰ ਤਾਰੀ ਮਾਨਾ ,ਵਿਜੈ ਕੁਮਾਰ ਸ਼ੀਹਮਾਰ,ਹਰੀ ਰਾਮ ਆਦੀਆ ਜਿਲ੍ਹਾ ਪ੍ਰਧਾਨ ਭਾਵਾਦਾਸ , ਪੰਮਾ ਡਾਡਾ, ਜਸਵੀਰ ਸ਼ੇਰਗੜੀਆ,ਅਵਤਾਰ ਡਿੰਪੀ,ਚਰਨਜੀਤ ਡਾਡਾ , ਕਮਲਜੀਤ ਡਾਡਾ,ਲਾਡੀ ਸ਼ੇਰਗੜ੍ਹ ,ਸੋਨੂੰ ਛਾਉਣੀ ਕਲਾਂ ,ਕਿਸ਼ੋਰੀ ਸ਼ੇਰਗੜ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

ਸਿਵਲ ਹਸਪਤਾਲ ਦਾ ਬੁਨਿਆਦੀ ਢਾਂਚਾ ਹੋਵੇਗਾ ਅੱਪਗ੍ਰੇਡ : ਬਲਕਾਰ ਸਿੰਘ

ਕਰਤਾਰਪੁਰ (ਹਰਮੇਸ਼ ਦੱਤ) ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਕਰਤਾਰਪੁਰ ਕਸਬੇ ਵਿੱਚ ਸਰਕਾਰੀ ਸਿਹਤ ਸਹੂਲਤਾਂ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਇਥੋਂ ਦੇ ਮੌਜੂਦਾ ਸਿਵਲ ਹਸਪਤਾਲ ਦੀ ਇਮਾਰਤ ਦੇ ਮੁਕੰਮਲ ਨਵੀਨੀਕਰਨ, ਨਵੀਂ ਓ.ਪੀ.ਡੀ. ਅਤੇ ਪ੍ਰਬੰਧਕੀ ਬਲਾਕਾਂ ਦੀ ਉਸਾਰੀ ਲਈ 2.93 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਕਰਤਾਰਪੁਰ ਵਿਖੇ 'ਸਵੱਛਤਾ ਹੀ ਸੇਵਾ' ਅਭਿਆਨ ਵਿੱਚ ਹਿੱਸਾ ਲੈਂਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਜਲਦ ਹੀ ਟੈਂਡਰ ਜਾਰੀ ਕੀਤੇ ਜਾਣਗੇ ਕਿਉਂ ਜੋ ਸਰਕਾਰ ਵੱਲੋਂ ਇਸ ਕੰਮ ਲਈ 2.93 ਕਰੋੜ ਰੁਪਏ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੀ ਕਾਰਜਕਾਰੀ ਏਜੇਂਸੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਹੋਵੇਗੀ ਅਤੇ ਜਲਦ ਹੀ ਇਸ ਕਾਰਜ ਨੂੰ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹੋਏ ਸਿਹਤ ਬੁਨਿਆਦੀ ਢਾਂਚੇ ਦੇ ਮੁਕੰਮਲ ਸੁਧਾਰ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ, ਜਿਸ ਦੇ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਡਾਕਟਰਾਂ ਅਤੇ ਨਰਸਿੰਗ ਸਟਾਫ ਦੀ ਭਰਤੀ, ਬੈੱਡ ਦੀ ਗਿਣਤੀ ਵਧਾਉਣਾ, ਸਿਹਤ ਸੰਭਾਲ ਸਬੰਧੀ ਬੁਨਿਆਦੀ ਢਾਂਚੇ 'ਚ ਵਾਧਾ ਕਰਨਾ ਅਤੇ ਹੋਰ ਉਪਰਾਲੇ ਸਾਮਲ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਪਹਿਲਾਂ ਹੀ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾ

4-OCT-PAGE-10.qxd 10/3/2023 10:15 PM Page 1

ਅਲਟ੍ਰਾਟੈੱਕ ਸੀਮੈਂਟ ਫੈਕਟਰੀ ਰੋਡ 'ਤੇ 7 ਤੋਂ ਟਰੱਕਾਂ ਦਾ ਅਣਮਿੱਥੇ ਸਮੇਂ ਲਈ ਚੱਕਾ ਜਾਮ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਲਹਿਰਾ ਮੁਹੱਬਤ ਤੋਂ ਬਾਠ ਨੂੰ ਜਾਂਦੀ ਅਲਟ੍ਰਾਟੈੱਕ ਸੀਮੈਂਟ ਫੈਕਟਰੀ ਰੋਡ ਦੀ ਮੁਰੰਮਤ ਕਰਵਾਏ ਜਾਣ ਦੀ ਮੰਗ ਨੂੰ ਲੈ ਕੇ ਬੀਤੇ ਦਿਨੀਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਲਹਿਰਾ ਮੁਹੱਬਤ ਤੇ ਬਾਠ ਪਿੰਡ ਤੋਂ ਲੋਕਾਂ ਦਾ ਇੱਕ ਵਫਦ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮਿਲਿਆ ਸੀ, ਪ੍ਰੰਤੂ ਜ਼ਿਲ੍ਹਾ ਅਧਿਕਾਰੀ ਵੱਲੋਂ ਵਫਦ ਨੂੰ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲਿਆ। ਇਸ ਮਸਲੇ ਸਬੰਧੀ ਅੱਜ ਦੁਬਾਰਾ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਦਾ ਇਕੱਠ ਸਬਾਨਕ ਬਲੀਕਰਨ ਧਰਮਸ਼ਾਲਾ ਵਿਖੇ ਹੋਇਆ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਵਫਦ ਨਾਲ ਮੁਲਾਕਾਤ ਦੌਰਾਨ ਡਿਪਟੀ ਕਮਿਸ਼ਨਰ ਨੇ ਸੜਕ ਦੀ ਰਿਪੇਅਰ ਬਾਰੇ ਭਰੋਸਾ ਤਾਂ ਕੀ ਦਿਵਾਉਣਾ ਸੀ, ਸਗੋਂ ਉਲਟਾ ਬੋਲ-ਬਾਣੀ ਸਮੇਂ ਸਹੀ ਵਰਤਾਓ ਨਾ ਕਰਦਿਆਂ ਤੇ ਫਰਿਆਦ ਦੀ ਅਣਸੁਣੀ ਕਰਦਿਆਂ ਵਫਦ ਨੂੰ ਹੀ ਨਸੀਹਤਾਂ ਦੇਣ ਲੱਗ ਪਏ। ਜ਼ਿਲ੍ਹਾ ਅਧਿਕਾਰੀ ਦੇ ਵਫਦ ਪ੍ਰਤੀ ਰਵੱਈਏ ਦੀ ਅੱਜ ਦੇ ਇਕੱਠ ਵਿੱਚ ਨਿੰਦਾ ਕੀਤੀ ਗਈ ਅਤੇ ਸੰਘਰਸ਼ ਦੇ ਬਿਗਲ ਦਾ ਐਲਾਨ ਕਰ ਦਿੱਤਾ ਗਿਆ। ਨਗਰ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਸਹਿਮਤੀ ਨਾਲ ਲਏ ਗਏ ਫੈਸਲੇ ਅਨੁਸਾਰ 7 ਅਕਤੂਬਰ 2023 ਤੋਂ ਅਲਟ੍ਰਾਟੈੱਕ ਸੀਮੈਂਟ ਫੈਕਟਰੀ ਰੋਡ 'ਤੇ ਢੋਆ ਢੁਆਈ ਲਈ ਆਉਣ-ਜਾਣ ਵਾਲੇ ਟਰੱਕਾਂ ਦਾ ਮੁਕੰਮਲ ਤੌਰ 'ਤੇ ਅਣਮਿੱਥੇ ਸਮੇਂ ਲਈ ਚੱਕਾ ਜਾਮ ਕੀਤਾ ਜਾਵੇਗਾ ਤੇ ਰੋਸ ਵਜੋਂ ਡਿਪਟੀ ਕਮਿਸ਼ਨਰ ਬਠਿੰਡਾ ਦੀ ਅਰਥੀ ਵੀ ਸਾੜੀ ਜਾਵੇਗੀ। ਆਗੂਆਂ ਨੇ ਦੱਸਿਆ ਕਿ ਸੜਕ ਦੀ ਰਿਪੇਅਰ ਸਮੇਤ ਹੋਰ ਮੁਸ਼ਕਲਾਂ ਦੇ ਹੱਲ ਹੋਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਸੰਘਰਸ਼ ਨੂੰ ਕਾਮਯਾਬ ਬਣਾਉਣ ਲਈ 21 ਮੈਂਬਰੀ ਕਮੇਟੀ ਦੇ ਗਠਨ ਤੋਂ ਇਲਾਵਾ ਲੰਗਰ, ਚਾਹ-ਪਾਣੀ ਤੇ ਸਾਊਂਡ ਵਗੈਰਾ ਦੇ ਪ੍ਰਬੰਧ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ।

ਮਹਿਲਾ ਰਾਖਵਾਂਕਰਨ ਕਾਨੂੰਨ ਤੁਰੰਤ ਲਾਗੂ ਕਰਨ ਲਈ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ

ਸੰਗਰੂਰ (ਪ੍ਰਵੀਨ ਸਿੰਘ)-ਅੱਧੀ ਅਬਾਦੀ ਨੂੰ ਮਹਿਲਾਵਾਂ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਵੱਡੀ ਗਿਣਤੀ ਮਿਸ਼ਨ ਦੇ ਸਾਥੀਆਂ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਦਰਸ਼ਨ ਕਾਂਗੜਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਮਹਿਲਾਵਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਉਨ੍ਹਾਂ ਨੂੰ ਅਜ਼ਾਦੀ ਦੀ ਜ਼ਿੰਦਗੀ ਜਿਊਣ ਦਾ ਅਧਿਕਾਰ ਦਿਵਾਇਆ ਗਿਆ ਹੈ ਪਰੰਤੂ ਮਹਿਲਾਵਾਂ ਦੀ ਪਾਰਲੀਮੈਂਟ ਅਤੇ ਅਸੈਂਬਲੀਆਂ ਅੰਦਰ ਬਹੁਗਿਣਤੀ ਹਿੱਸੇਦਾਰੀ ਨਾ ਹੋਣ ਕਾਰਨ ਇਨ੍ਹਾਂ ਨੂੰ ਮੁੜ ਤੋਂ ਦਬਾਇਆ ਜਾ ਰਿਹਾ ਹੈ। ਹੁਣ ਜੋ 18 ਸਤੰਬਰ ਤੋਂ 22 ਸਤੰਬਰ ਦਾ ਸਪੈਸ਼ਲ ਸੈਸ਼ਨ ਸੱਦ ਕੇ ਜੋ ਕੇਂਦਰ ਸਰਕਾਰ ਵੱਲੋਂ ਮਹਿਲਾ ਰਾਖਵਾਂਕਰਨ ਬਿੱਲ ਪਾਸ ਕੀਤਾ ਗਿਆ ਹੈ, ਇਹ ਅਤਿ ਸ਼ਲਾਘਾਯੋਗ ਫੈਸਲਾ ਹੈ ਜਿਸ ਨਾਲ ਮਹਿਲਾਵਾਂ ਨੂੰ ਪਾਰਲੀਮੈਂਟ ਅਤੇ ਅਸੈਂਬਲੀਆਂ ਅੰਦਰ ਬਹੁਗਿਣਤੀ ਹਿੱਸੇਦਾਰੀ ਮਿਲਣ ਨਾਲ ਨਾਰੀ ਸ਼ਕਤੀ ਦਾ ਲੋਕਤੰਤਰ 'ਚ ਮਾਣ ਸਨਮਾਨ ਹੋਰ ਵਧੇਗਾ ਅਤੇ ਦੇਸ਼ ਦੀਆਂ ਵੱਖ ਵੱਖ ਥਾਵਾਂ ਤੇ ਮਹਿਲਾਵਾਂ ਨਾਲ ਹੋ ਰਹੀਆਂ ਵਧੀਕੀਆਂ ਤੇ ਧੱਕੇਸ਼ਾਹੀਆ ਵਿਰੁੱਧ ਠੋਸ ਕਾਰਵਾਈਆਂ ਹੋਣਗੀਆਂ। ਪਰੰਤੂ ਇਸ ਕਾਨੂੰਨ ਨੂੰ ਮਰਦਮਸ਼ੁਮਾਰੀ ਕਰਵਾਉਣ ਤੋਂ ਬਾਅਦ ਲਾਗੂ ਕਰਨ ਦਾ ਹਵਾਲਾ ਦਿੱਤਾ ਗਿਆ ਹੈ। ਮਰਦਮਸ਼ੁਮਾਰੀ ਨੂੰ ਬਹੁਤ ਜ਼ਿਆਦਾ ਸਮਾਂ ਲੱਗੇਗਾ। ਇਹ ਦੇਸ਼ ਦੀਆਂ ਮਹਿਲਾਵਾਂ ਨਾਲ ਸਰਾਸਰ ਨਾਇਨਸਾਫੀ ਹੈ। ਜੇਕਰ ਇਸ ਬਿੱਲ ਨੂੰ 2024 ਵਿੱਚ ਲਾਗੂ ਨਹੀਂ ਕਰਨਾ ਸੀ ਤਾਂ ਕੇਂਦਰ ਸਰਕਾਰ ਵੱਲੋਂ ਸਪੈਸ਼ਲ ਸੈਸ਼ਨ ਬੁਲਾਉਣ ਦੀ ਕੀ ਜ਼ਰੂਰਤ ਸੀ। ਉਨ੍ਹਾਂ ਕਿਹਾ ਕਿ ਜਦ ਇਸ ਬਿੱਲ ਨੂੰ ਲੋਕ ਸਭਾ ਅਤੇ ਰਾਜ ਸਭਾ ਅੰਦਰ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਵੱਲੋਂ ਵੀ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਹ ਕਾਨੂੰਨ ਬਣ ਗਿਆ ਹੈ। ਇਸ ਮਹਿਲਾ ਰਾਖਵਾਂਕਰਨ ਕਾਨੂੰਨ ਅੰਦਰ ਅਨੁਸੂਚਿਤ ਜਾਤੀਆਂ ਵਰਗ ਦੀਆਂ ਮਹਿਲਾਵਾਂ ਨੂੰ ਬਰਾਬਰ ਹਿਸੇਦਾਰੀ ਦੇ ਕੇ ਇਸ ਲੋਕ ਅਵਾਜ਼ ਮਹਿਲਾ ਰਾਖਵਾਂਕਰਨ ਕਾਨੂੰਨ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਮੌਕੇ ਸੁਖਪਾਲ ਸਿੰਘ ਭੰਮਾਵੱਦੀ ਜ਼ਿਲ੍ਹਾ ਪ੍ਰਧਾਨ, ਜਗਸੀਰ ਸਿੰਘ ਖੇੜੀ ਚੰਦਵਾ, ਸਾਜਨ, ਕਮਲਪ੍ਰੀਤ ਸਿੰਘ, ਜੱਗਾ, ਚਰਨਜੀਤ ਕੌਰ, ਸੁਰਿੰਦਰ ਕੌਰ ਬੁੱਗਰਾ,ਤੀਰਥ, ਰਮਨ ਸੋਢੀ, ਨਵੀ ਕੁਮਾਰ, ਰਾਹੁਲ, ਰੋਹਨ, ਕੁਲਦੀਪ ਸਿੰਘ, ਹੈਪੀ, ਵਿਸ਼ਾਲ,ਰਾਜਨ, ਜੱਗੀ, ਸੁੱਖੀ, ਸੰਦੀਪ ਕੌਰ ਆਦਿ ਹਾਜ਼ਰ ਸਨ।

ਲੁਟੇਰਿਆਂ ਨੇ ਸੱਸ-ਨੂੰਹ ਨੂੰ ਜ਼ਖਮੀ ਕਰਕੇ ਲੁੱਟਿਆ

ਸਮਰਾਲਾ (ਸੁਰਜੀਤ ਸਿੰਘ)

ਇਲਾਕੇ ਵਿੱਚ ਚੋਰੀ ਤੇ ਲੁੱਟ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਨੂੰ ਲੈ ਕੇ ਲੋਕਾਂ ਅੰਦਰ ਸਹਿਮ ਦਾ ਮਾਹੌਲ ਹੈ। ਅੱਜ ਦਿਨ-ਦਿਹਾੜੇ ਨੇੜਲੇ ਪਿੰਡ ਸਿਹਾਲਾ ਦੀਆਂ ਸਕੂਟਰੀ ਸਵਾਰ ਦੋ ਔਰਤਾਂ ਨੂੰ ਮੋਟਰਸਾਈਕਲ ਸਵਾਰ ਲੁਟੇਰਿਆਂ ਵੱਲੋਂ ਧੱਕਾ ਮਾਰ ਕੇ ਹੇਠਾਂ ਸੁੱਟ ਕੇ ਜ਼ਖਮੀ ਕਰ ਦੇਣ ਤੋਂ ਬਾਅਦ ਉਨ੍ਹਾਂ ਦਾ ਪਰਸ ਖੋਹ ਕੇ ਫਰਾਰ ਹੋ ਗਏ। ਇਸ ਘਟਨਾ ਵਿੱਚ ਬਜ਼ੁਰਗ ਔਰਤ ਨੂੰ ਕਾਫੀ ਸੱਟਾਂ ਵੱਜੀਆਂ ਹਨ ਤੇ ਉਸ ਦੇ ਸਿਰ ਉੱਤੇ ਕਈ ਟਾਂਕੇ ਲੱਗੇ ਹਨ, ਜਦਕਿ ਉਸ ਦੀ ਨੂੰਹ ਵੀ ਜ਼ਖਮੀ ਹੋਈ ਹੈ। ਪੀੜਤ ਮਨਵੀਰ ਕੌਰ ਨੇ ਦੱਸਿਆ ਕਿ ਉਹ ਆਪਣੀ ਸੱਸ ਨਾਲ ਸਮਰਾਲਾ ਵਿਖੇ ਬਾਜ਼ਾਰ ਵਿੱਚ ਖ਼ਰੀਦ-ਫਰੋਖ਼ਤ ਕਰਨ ਆਈ ਸੀ ਅਤੇ ਦੁਪਹਿਰ ਕਰੀਬ 2 ਵਜੇ ਜਿਵੇਂ ਹੀ ਉਹ ਆਪਣੀ ਸਕੂਟਰੀ 'ਤੇ ਪਿੰਡ ਵਾਪਸ ਜਾਣ ਲਈ ਬਜ਼ਾਰ ਵਿੱਚੋਂ ਐੱਚ.ਡੀ.ਐੱਫ਼.ਸੀ. ਬੈਂਕ ਦੇ ਨਾਲ ਵਾਲੀ ਸੜਕ 'ਤੇ ਪਹੁੰਚੀ ਤਾਂ ਥੋੜ੍ਹਾ ਅੱਗੇ ਜਾ ਕੇ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ, ਜਿਨ੍ਹਾਂ ਆਪਣੇ ਚਿਹਰੇ ਕੱਪੜੇ ਨਾਲ ਢੱਕੇ ਹੋਏ ਸਨ, ਵੱਲੋਂ ਉਨ੍ਹਾਂ ਦੀ ਸਕੂਟਰੀ ਨੂੰ ਲੱਤ ਮਾਰ ਕੇ ਹੇਠਾਂ ਸੁੱਟ ਦਿੱਤਾ, ਜਿਸ ਨਾਲ ਉਸ ਦੀ ਸੱਸ ਦੇ ਸਿਰ 'ਤੇ ਸੱਟਾਂ ਵੱਜੀਆਂ ਅਤੇ ਉਹ ਖੁਦ ਵੀ ਜ਼ਖਮੀ ਹੋ ਗਈ। ਇਸ ਤੋਂ ਬਾਅਦ ਲੁਟੇਰਿਆਂ ਨੇ ਸਕੂਟਰੀ ਦੇ ਅੱਗੇ ਪਿਆ ਉਸ ਦਾ ਪਰਸ ਖੋਹ ਲਿਆ, ਜਿਸ ਵਿੱਚ 8 ਹਜ਼ਾਰ ਰੁਪਏ ਦੀ ਨਗਦੀ, ਦੋ ਸੋਨੇ ਦੀਆਂ ਅੰਗੂਠੀਆਂ, 3 ਕਰੈਡਿਟ ਕਾਰਡ, ਪਾਸਪੋਰਟ ਤੇ ਹੋਰ ਜ਼ਰੂਰੀ ਕਾਗਜ਼ਾਤ ਸਨ, ਲੈ ਕੇ ਫਰਾਰ ਹੋ ਗਏ। ਮਨਵੀਰ ਕੌਰ ਨੇ ਦੱਸਿਆ ਕਿ ਉਹ ਲੁਟੇਰਿਆਂ ਦੇ ਪਿੱਛੇ ਵੀ ਭੱਜੀ ਤੇ ਰੌਲਾ ਵੀ ਪਾਇਆ, ਪਰ ਸੱਟਾਂ ਵੱਜਣ ਕਾਰਨ ਉਹ ਉਨ੍ਹਾਂ ਨੂੰ ਕਾਬੂ ਨਹੀਂ ਕਰ ਸਕੀ। ਇਸ ਘਟਨਾ ਤੋਂ ਬਾਅਦ ਦੋਵੇਂ ਔਰਤਾਂ ਇਲਾਜ ਲਈ ਨੇੜਲੇ ਪ੍ਰਾਈਵੇਟ ਹਸਪਤਾਲ ਵਿਖੇ ਗਈਆਂ, ਜਿੱਥੇ ਮਨਵੀਰ ਕੌਰ ਦੀ ਸੱਸ ਦੇ ਸਿਰ 'ਤੇ ਜ਼ਿਆਦਾ ਸੱਟ ਹੋਣ ਕਾਰਨ ਕਈ ਟਾਂਕੇ ਲਗਾਏ ਗਏ ਹਨ ਅਤੇ ਹੋਰ ਇਲਾਜ ਕੀਤਾ ਜਾ ਰਿਹਾ ਹੈ। ਇਸ ਲੁੱਟ ਦੀ ਘਟਨਾ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਸਾਹਮਣੇ ਆਈ ਹੈ ਤੇ ਲੁਟੇਰਿਆਂ ਦੀ ਪਹਿਚਾਣ ਲਈ ਪੁਲਸ ਨੂੰ ਵੀ ਜਾਣਕਾਰੀ ਦਿੱਤੀ ਗਈ ਹੈ। ਫਿਲਹਾਲ ਇਸ ਲੁੱਟ ਦੀ ਵਾਰਦਾਤ ਨੂੰ ਲੈ ਕੇ ਪੁਲਸ ਵੱਲੋਂ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ, ਪਰ ਕਾਰਵਾਈ ਕੀਤੀ ਜਾ ਰਹੀ ਹੈ।

ਕਾਤਰਾਂ

'ਸਿੱਧੂਪੁਰ' ਵੱਲੋਂ ਪੁਲਸ ਚੌਕੀ ਭੁੱਚੋ ਮੰਡੀ ਅੱਗੇ ਧਰਨਾ ਭਲਕੇ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭਾਕਿਯੂ (ਏਕਤਾ) ਸਿੱਧੂਪੁਰ ਪਿੰਡ ਲਹਿਰਾ ਮੁਹੱਬਤ ਇਕਾਈ ਦੀ ਮੀਟਿੰਗ ਹੋਈ। ਜਿਸ ਵਿੱਚ ਪਿੰਡ ਇਕਾਈ ਪ੍ਰਧਾਨ ਗੁਰਮੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਨੇਕ ਸਿੰਘ, ਖਜ਼ਾਨਚੀ ਚਮਕੌਰ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ, ਬਲਾਕ ਖਜ਼ਾਨਚੀ ਬਲਵੀਰ ਸਿੰਘ, ਗਿਆਨ ਸਿੰਘ, ਜਗਜੀਤ ਸਿੰਘ, ਸ਼ਿੰਗਾਰਾ ਸਿੰਘ ਅਤੇ ਬੱਗਾ ਸਿੰਘ ਆਦਿ ਸ਼ਾਮਲ ਸਨ। ਮੀਟਿੰਗ ਦੌਰਾਨ ਪਿੰਡ ਲਹਿਰਾ ਮੁਹੱਬਤ ਵਾਸੀ ਨਵਦੀਪ ਸਿੰਘ ਪੁੱਤਰ ਬੱਗਾ ਸਿੰਘ ਨਾਲ ਬਠਿੰਡਾ ਵਾਸੀ ਹਰਿਤ ਵੱਲੋਂ ਅਕਤੂਬਰ 2022 ਦੌਰਾਨ ਕਥਿਤ ਤੌਰ 'ਤੇ ਮਾਰੀ ਗਈ ਕਰੀਬ 26 ਲੱਖ ਰੁਪਏ ਦੀ ਠੱਗੀ ਬਾਰੇ ਪੀੜਤ ਨੌਜਵਾਨ ਨੂੰ ਇਨਸਾਫ ਦਿਵਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਕਿਸਾਨ ਆਗੂਆਂ ਨੇ ਜਾਰੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਇਸ ਸਬੰਧੀ ਜਥੇਬੰਦੀ ਵੱਲੋਂ 1 ਮਾਰਚ ਨੂੰ ਸੀਨੀਅਰ ਪੁਲਸ ਕਪਤਾਨ ਬਠਿੰਡਾ ਨੂੰ ਲਿਖਤੀ ਦਰਖਾਸਤ ਦੇ ਕੇ ਇਨਸਾਫ ਦਿੱਤੇ ਜਾਣ ਦੀ ਗੁਹਾਰ ਲਗਾਈ ਸੀ। ਇਸੇ ਮੁੱਦੇ ਨੂੰ ਲੈ ਕੇ ਜਥੇਬੰਦੀ ਵੱਲੋਂ ਮਾਰਚ ਮਹੀਨੇ ਦੌਰਾਨ ਪੁਲਸ ਚੌਕੀ ਭੁੱਚੋ ਮੰਡੀ ਅੱਗੇ ਰੋਸ ਧਰਨਾ ਵੀ ਦਿੱਤਾ ਗਿਆ ਸੀ। ਉਸ ਤੋਂ ਬਾਅਦ ਪੁਲਸ ਪ੍ਰਸ਼ਾਸਨ ਦੀ ਹਾਜ਼ਰੀ 'ਚ ਹਰਿਤ ਵੱਲੋਂ ਕਈ ਇਕਰਾਰ ਕੀਤੇ ਜਾਣ 'ਤੇ ਵੀ ਉਹ ਕੀਤੇ ਕਰਾਰਾਂ 'ਤੇ ਪੂਰਾ ਨਹੀਂ ਉਤਰਿਆ। ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ 5 ਅਕਤੂਬਰ ਨੂੰ ਪੁਲਸ ਚੌਕੀ ਭੁੱਚੋ ਮੰਡੀ ਅੱਗੇ ਧਰਨਾ ਦਿੱਤਾ ਜਾਵੇਗਾ।

ਕਿਸ਼ੋਰ ਸਿਹਤ ਤੰਦਰੁਸਤ ਦਿਵਸ ਮਨਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬਲਾਕ ਘੱਲਖੁਰਦ 'ਚ ਸੀਡੀਪੀਓ ਰਿਚਿਕਾ ਨੰਦਾ ਤੇ ਸੁਪਰਵਾਈਜ਼ਰ ਦਰਸ਼ਨ ਕੌਰ ਦੀ ਅਗਵਾਈ ਵਿੱਚ ਸਤੀਏਵਾਲਾ ਵਿਖੇ ਕਿਸ਼ੋਰ ਸਿਹਤ ਤੰਦਰੁਸਤ ਦਿਵਸ ਮਨਾਇਆ, ਜਿਸ ਵਿੱਚ ਡਾ. ਕਮਲ ਤੇ ਉਨ੍ਹਾਂ ਦੀ ਟੀਮ ਨੇ 10 ਤੋਂ 12 ਸਾਲ ਦੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਅਤੇ ਆਂਗਨਵਾੜੀ ਦੇ ਛੋਟੇ ਬੱਚਿਆਂ ਦਾ ਚੈੱਕਅੱਪ ਕੀਤਾ। ਇਸ ਮੌਕੇ ਡਾਕਟਰ ਵੱਲੋਂ ਕਿਸ਼ੋਰ ਅਵਸਥਾ ਵਿੱਚ ਅਨੀਮੀਆ ਦੀ ਘਾਟ ਤੇ ਸੰਤੁਲਿਤ ਆਹਾਰ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਬੱਚਿਆਂ ਨੂੰ ਬਿਸਕੁਟ, ਕਾਪੀ, ਪੈੱਨ ਦਿੱਤੇ ਗਏ। ਇਸ ਮੌਕੇ ਨਿਰਮਲਜੀਤ ਕੌਰ, ਆਂਗਨਵਾੜੀ ਵਰਕਰ ਅਮਨਦੀਪ ਕੌਰ ਹਾਜ਼ਰ ਸਨ।

ਜੂਆ ਖੇਡਦੇ 3 ਵਿਅਕਤੀ ਨਗਦੀ ਸਮੇਤ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਜੂਆ ਖੇਡਦੇ 3 ਵਿਅਕਤੀਆਂ ਨੂੰ 530 ਰੁਪਏ ਰਾਸ਼ੀ ਸਮੇਤ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਐੱਚ. ਸੀ. ਸਤਪਾਲ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਜਦੋਂ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਪਹੁੰਚੇ ਤਾਂ ਮੁਖਬਰ ਖਾਸ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਬਗੀਚਾ ਸਿੰਘ, ਸਤਨਾਮ ਸਿੰਗ ਤੇ ਲਵ ਕੁਮਾਰ ਉਰਫ ਲਵਲੀ ਚੋਪੜਾ ਜੂਆ ਖੇਡਣ ਦੇ ਆਦੀ ਹਨ, ਜੋ ਅੱਜ ਵੀ ਦਾਣਾ ਮੰਡੀ ਜਲਾਲਾਬਾਦ ਵਿਖੇ ਸ਼ਰੇਆਮ ਜੂਆ ਖੇਡ ਰਹੇ ਹਨ। ਇਤਲਾਹ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਜੂਆ ਖੇਡਦੇ ਹੋਏ ਵਿਅਕਤੀਆਂ ਨੂੰ 530 ਰੁਪਏ ਰਾਸ਼ੀ ਸਮੇਤ ਕਾਬੂ ਕਰ ਕੇ ਥਾਣਾ ਸਿਟੀ ਵਿਖੇ ਜੂਆ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਸ਼੍ਰੀਮਦ ਭਾਗਵਤ ਕਥਾ ਦੀ ਸਮਾਪਤੀ 'ਤੇ ਹਵਨ ਯੱਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪਰਮਾਰਥ ਭਵਨ ਫ਼ਿਰੋਜ਼ਪੁਰ ਵਿਖੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕਰਵਾਈ ਗਈ ਸ਼੍ਰੀਮਦ ਭਾਗਵਤ ਕਥਾ ਦੀ ਸਮਾਪਤੀ 'ਤੇ ਹਵਨ ਯੱਗ ਕੀਤਾ ਗਿਆ।ਇਸ ਵਿੱਚ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੀ ਕਥਾ ਵਿਆਸ ਸਾਧਵੀ ਭਾਗਿਆ ਭਾਰਤੀ, ਸਾਧਵੀ ਜਗਦੀਸ਼ਾ ਭਾਰਤੀ, ਸਾਧਵੀ ਸ਼ੀਤਲ ਭਾਰਤੀ, ਸਾਧਵੀ ਜਯੋਤੀ ਭਾਰਤੀ, ਸਾਧਵੀ ਈਸ਼ਦੀਪਾ ਭਾਰਤੀ, ਸਾਧਵੀ ਰੇਣੂ ਭਾਰਤੀ, ਸਾਧਵੀ ਸੰਦੇਆ ਭਾਰਤੀ, ਸਾਧਵੀ ਕਿਰਨ ਭਾਰਤੀ, ਸਾਧਵੀ ਪ੍ਰੀਤ ਭਾਰਤੀ, ਸਾਧਵੀ ਦੀਪਿਕਾ ਭਾਰਤੀ ਤੇ ਹੋਰ ਸ਼ਰਧਾਲੂਆਂ ਨੇ ਯੱਗ ਵਿੱਚ ਆਹੂਤੀ ਪਾਈ।ਇਸ ਮੌਕੇ ਸਵਾਮੀ ਚੰਦਰ ਸ਼ੇਖਰ ਨੇ ਹਵਨ ਯੱਗ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਯੱਗ ਮਨੁੱਖੀ ਜੀਵਨ ਵਿੱਚ ਸਾਤਵਿਕ ਸ਼ਕਤੀਆਂ ਪੈਦਾ ਕਰਦਾ ਹੈ, ਜਿਸ ਨਾਲ ਵਿਚਾਰਾਂ ਵਿੱਚ ਸ਼ੁੱਧਤਾ ਆਉਂਦੀ ਹੈ। ਇਸ ਹਵਨ ਯੱਗ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ ਤੇ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਐੱਸ ਐੱਸ ਪੀ ਦਫਤਰ ਵੱਲ਼ ਰੋਸ ਮੁਜ਼ਾਹਰਾ 9 ਨੂੰ

ਜਗਰਾਉਂ (ਨਛੱਤਰ ਸੰਧੂ)-ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਹੁਕਮਾਂ ਅ

4-Oct-PAGE-11-Majha-23.qxd 10/3/2023 10:23 PM Page 1

ਕਿਸਾਨ ਮਜ਼ਦੂਰ ਜਥੇਬੰਦੀ ਨੇ ਫੂਕੇ ਮੋਦੀ ਸਰਕਾਰ ਦੇ ਪੁਤਲੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸੂਬਾਈ ਆਗੂ ਸਰਵਣ ਸਿੰਘ ਪੰਧੇਰ, ਜਰਮਨਜੀਤ ਬੰਡਾਲਾ, ਗੁਰਬਚਨ ਸਿੰਘ ਚੱਬਾ ਦੀ ਅਗਵਾਈ ਵਿੱਚ ਲਖੀਮਪੁਰ ਕਤਲਕਾਂਡ ਦੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕਰਦੇ ਹੋਏ ਅੱਜ ਭਾਰਤ ਪੱਧਰੀ ਕਾਲ ਦੇ ਚਲਦੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ 46 ਥਾਵਾਂ 'ਤੇ ਅਜੈ ਮਿਸ਼ਰਾ ਟੈਨੀ, ਆਸ਼ੀਸ਼ ਮਿਸ਼ਰਾ ਟੈਨੀ ਅਤੇ ਕੇਂਦਰ ਦੀ ਮੋਦੀ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ, ਜ਼ਿਲ੍ਹਾ ਆਗੂ ਸਕੱਤਰ ਸਿੰਘ ਕੋਟਲਾ ਨੇ ਕਿਹਾ ਕਿ ਅੱਜ ਤੋਂ 2 ਸਾਲ ਪਹਿਲਾਂ ਦਿੱਲੀ ਅੰਦੋਲਨ ਦੌਰਾਨ ਉੱਤਰ ਪ੍ਰਦੇਸ਼ ਦੇ ਲਾਖੀਮਪੁਰ ਖੀਰੀ ਅੰਦਰ ਸ਼ਾਂਤਮਈ ਧਰਨਾ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਪਰ ਗੱਡੀ ਚਾੜ੍ਹ ਕੇ 4 ਕਿਸਾਨ ਅਤੇ ਇੱਕ ਪੱਤਰਕਾਰ ਸਮੇਤ 5 ਕਤਲ ਕਰਨ ਵਾਲੇ ਆਸ਼ੀਸ਼ ਮਿਸ਼ਰਾ ਟੈਨੀ ਅਤੇ ਉਸਦੇ ਬਾਪ ਤੇ 120 ਬੀ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਅੱਜ ਵੀ ਸਲਾਖ਼ਾਂ ਤੋਂ ਬਾਹਰ ਹਨ ਅਤੇ ਮੋਦੀ ਸਰਕਾਰ ਵਿੱਚ ਅੱਜ ਵੀ ਟੈਨੀ ਮਿਸ਼ਰਾ ਮੰਤਰੀ ਪਦ 'ਤੇ ਬੈਠਾ ਹੋਇਆ ਹੈ, ਜੋ ਕਿ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਲੋਕਤੰਤਰ ਸੱਦੇ ਜਾਣ ਵਾਲੇ ਭਾਰਤ ਦੇਸ਼ ਵਿਚਲੇ ਲੋਕਤੰਤਰਿਕ ਕਦਰਾਂ ਕੀਮਤਾਂ, ਨਿਆਂ ਪ੍ਰਣਾਲੀ ਅਤੇ ਪੁਲਸ ਤੰਤਰ ਦੀ ਕਾਰਗੁਜ਼ਾਰੀ ਤੇ ਇੱਕ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਇਸ ਘਟਨਾ ਦਾ ਇਨਸਾਫ ਲੈਣ ਤੱਕ ਲੜਾਈ ਜਾਰੀ ਰੱਖਣਗੇ ਅਤੇ ਮੋਦੀ ਸਰਕਾਰ ਅਜਿਹੇ ਦੋਸ਼ੀਆਂ ਨੂੰ ਸ਼ਰਨ ਦੇਣੀ ਬੰਦ ਕਰੇ ਨਹੀਂ ਤਾਂ 2024 ਦੀਆਂ ਚੋਣਾਂ ਵਿੱਚ ਲੋਕ ਭਾਜਪਾ ਨੂੰ ਵੱਡਾ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ 5 ਸ਼ਹੀਦਾਂ ਸਮੇਤ 750 ਸ਼ਹੀਦਾਂ ਦੀ ਕੁਰਬਾਨੀ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਦੀ ਕੁਰਬਾਨੀ ਸਦਕਾ ਦਿੱਲੀ ਮੋਰਚੇ ਵਿੱਚ ਕਿਸਾਨ ਮਜ਼ਦੂਰ ਦੀ ਜਿੱਤ ਹੋਈ। ਉਨ੍ਹਾਂ ਕਿਹਾ ਕਿ ਸਾਡੀ ਮੰਗ ਹੈ ਕਿ ਸਭ ਦੋਸ਼ੀਆਂ ਤੇ ਤੁਰੰਤ ਬਣਦੀ ਕਾਰਵਾਈ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਜਾਵੇ ਅਤੇ ਉਲਟਾ ਪੀੜਤ ਪਰਿਵਾਰਾਂ ਨੂੰ ਤੰਗ ਕਰਨਾ ਬੰਦ ਕੀਤਾ ਜਾਵੇ। ਇਸ ਮੌਕੇ ਵੱਖ-ਵੱਖ ਥਾਵਾਂ ਤੇ ਸਮੂਹ ਜ਼ਿਲ੍ਹਾ, ਜ਼ੋਨ ਅਤੇ ਪਿੰਡ ਪੱਧਰੀ ਆਗੂਆਂ ਸਮੇਤ ਹਜ਼ਾਰਾਂ ਕਿਸਾਨ ਮਜ਼ਦੂਰ ਤੇ ਔਰਤਾਂ ਹਾਜ਼ਿਰ ਰਹੇ।

ਧਾਲੀਵਾਲ ਨੇ ਘੋਨੇਵਾਲ ਤੋਂ ਮਨਸੂਰ ਤੱਕ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

ਡੇਰਾ ਬਾਬਾ ਨਾਨਕ/ਅਜਨਾਲਾ (ਰਮੇਸ਼ ਸ਼ਰਮਾ/ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਰਾਜ ਸਰਕਾਰ ਵੱਲੋਂ ਵਿਕਾਸ ਕਾਰਜ ਲਗਾਤਾਰ ਜਾਰੀ ਹਨ। ਇਹ ਪ੍ਰਗਟਾਵਾ ਸੂਬੇ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਡੇਰਾ ਬਾਬਾ ਨਾਨਕ ਨਜ਼ਦੀਕ ਪਿੰਡ ਘੋਨੇਵਾਲ ਤੋਂ ਮਨਸੂਰ ਤੱਕ 10 ਕਿਲੋਮੀਟਰ ਲੰਬੀ ਸੜਕ ਦੀ ਰੀਪੇਅਰ/ਅਪਗ੍ਰੇਡੇਸ਼ਨ ਅਤੇ ਪੁਲਾਂ ਦੀ ਉਸਾਰੀ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਬਣਾਈ ਜਾਣ ਵਾਲੀ ਇਸ ਸੜਕ ਦੇ ਪ੍ਰੋਜੈਕਟ ਉੱਪਰ 10.73 ਕਰੋੜ ਰੁਪਏ ਦੀ ਲਾਗਤ ਆਵੇਗੀ। ਸ. ਧਾਲੀਵਾਲ ਨੇ ਕਿਹਾ ਕਿ ਪਿੰਡ ਘੋਨੇਵਾਲ ਤੋਂ ਮਨਸੂਰ ਤੱਕ ਬਣਨ ਵਾਲੀ ਇਸ ਸੰਪਰਕ ਸੜਕ ਅਤੇ ਪੁਲਾਂ ਨਾਲ ਇਸ ਇਲਾਕੇ ਦੇ ਵਸਨੀਕਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਬਰਸਾਤੀ ਸੀਜ਼ਨ ਦੌਰਾਨ ਦਰਿਆ ਰਾਵੀ ਵਿੱਚ ਪਾਣੀ ਦਾ ਪੱਧਰ ਵਧਣ ਤੋਂ ਬਾਅਦ ਵੀ ਲੋਕਾਂ ਦਾ ਲਾਂਘਾ ਬੰਦ ਨਹੀਂ ਹੋਵੇਗਾ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਨੂੰ ਤਰੱਕੀ ਦੀਆਂ ਲੀਹਾਂ ਉੱਪਰ ਤੋਰਨ ਲਈ ਯਤਨ ਲਗਾਤਾਰ ਜਾਰੀ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬਾ ਵਾਸੀਆਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਲੋਕ ਰਾਜ ਸਰਕਾਰ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਖੁਸ਼ ਹਨ।

ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੁਤਲਾ ਫੂਕ ਮੁਜ਼ਾਹਰਾ

ਕਲਾਨੌਰ (ਮਨਦੀਪ ਕੁਮਾਰ)-ਸੰਯੁਕਤ ਕਿਸਾਨ ਮੋਰਚੇ ਵੱਲੋਂ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਅਜੇ ਮਿਸ਼ਰਾ ਟੈਨੀ ਨੂੰ ਅਹੁਦੇ ਤੋਂ ਬਰਖਾਸਤ ਕਰਵਾਉਣ ਲਈ ਕਲਾਨੌਰ ਦੇ ਐੱਸਡੀਐੱਮ ਦਫਤਰ ਵਿਖੇ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ। ਇਹ ਪੁਤਲਾ ਫੂਕ ਮੁਜ਼ਾਹਰਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਿਸਾਨ ਆਗੂ ਹਰਜੀਤ ਸਿੰਘ ਕਾਹਲੋਂ ਅਤੇ ਕਾਮਰੇਡ ਅਸ਼ਵਨੀ ਕੁਮਾਰ ਲੱਖਣ ਕਲਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਮੌਕੇ ਬੋਲਦਿਆਂ ਹਰਜੀਤ ਸਿੰਘ ਕਾਹਲੋਂ, ਅਸ਼ਵਨੀ ਕੁਮਾਰ ਲੱਖਣ ਕਲਾਂ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਜੋ ਦਿੱਲੀ ਕਿਸਾਨੀ ਸੰਘਰਸ਼ ਦੌਰਾਨ ਵਾਪਰਿਆ ਸੀ, ਦੇ ਵਿਰੋਧ ਵਿੱਚ ਅੱਜ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ।

ਬੁਲਾਰਿਆਂ ਨੇ ਕਿਹਾ ਕਿ ਜਦੋਂ ਤੱਕ ਸਾਡੇ ਸ਼ਹੀਦ ਹੋਏ ਕਿਸਾਨ ਸਾਥੀਆਂ ਅਤੇ ਪੱਤਰਕਾਰ ਵੀਰ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਜਾਂਦੀਆਂ ਅਤੇ ਅਜੇ ਮਿਸ਼ਰਾ ਟੈਨੀ ਨੂੰ ਅਹੁਦੇ ਤੋਂ ਬਰਖਾਸਤ ਨਹੀਂ ਕੀਤਾ ਜਾਂਦਾ, ਇਦਾਂ ਦੇ ਪੁਤਲਾ ਫੂਕ ਰੋਸ ਮੁਜ਼ਾਹਰੇ ਸਰਕਾਰ ਖਿਲਾਫ ਜਾਰੀ ਰਹਿਣਗੇ। ਇਸ ਮੌਕੇ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਜੇ ਮਿਸ਼ਰਾ ਟੈਨੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜੀਤ ਸਿੰਘ ਕਾਹਲੋਂ, ਅਸ਼ਵਨੀ ਕੁਮਾਰ ਲੱਖਣ ਕਲਾਂ, ਦਲਜੀਤ ਸਿੰਘ ਤਲਵੰਡੀ, ਸਤਨਾਮ ਸਿੰਘ ਮਾਨੇਪੁਰ, ਗੁਰਜੀਤ ਸਿੰਘ ਬੁਲਾਰੀਆ, ਸੇਵਾ ਸਿੰਘ ਕਲਾਨੌਰ, ਜਰਨੈਲ ਸਿੰਘ ਸਪਰਾਂ ਕੋਠੀ, ਮਨਜੀਤ ਸਿੰਘ ਅਦਾਲਤਪੁਰ, ਪ੍ਰਤਾਪ ਸਿੰਘ ਜੇਈ ਸੁਖਵਿੰਦਰ ਸਿੰਘ, ਰਜਿੰਦਰ ਸਿੰਘ ਖੁਸ਼ੀਪੁਰ, ਗੁਰਮੇਜ ਸਿੰਘ ਪੱਡਾ, ਰਣਜੋਧ ਸਿੰਘ ਕਲਾਨੌਰ, ਬਲਜੀਤ ਸਿੰਘ ਗਰਾਇਆ, ਵੀਰ ਸਿੰਘ ਕਲਾਨੌਰ, ਰੋਸ਼ਨ ਲਾਲ ਜੋਸ਼ੀ, ਅਵਦੇਸ਼ ਕਾਲੀਆ, ਚਰਨਜੀਤ ਸਿੰਘ ਕਲਾਨੌਰ, ਬਾਊ ਕਲਾਨੌਰ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

ਨੁਕਸਾਨ ਦਾ ਜਾਇਜ਼ਾ ਲੈਣ ਧਾਲੀਵਾਲ ਸੇਵਾਮੁਕਤ ਫੌਜੀ ਦੇ ਘਰ ਪੁੱਜੇ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਬੀਤੇ ਦਿਨੀਂ ਥਾਣਾ ਅਜਨਾਲਾ ਅਧੀਨ ਆਉਂਦੇ ਪਿੰਡ ਫੱਤੋਵਾਲ ਵਿਖੇ ਦੇਰ ਰਾਤ ਅਚਾਨਕ ਇਕ ਘਰ ਅਤੇ ਦੁਕਾਨ ਨੂੰ ਅੱਗ ਲੱਗਣ ਨਾਲ ਸੇਵਾ ਮੁਕਤ ਫੌਜੀ ਹਰਜੀਤ ਸਿੰਘ ਦਾ 15 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਸੀ, ਜਿਸਦਾ ਅੱਜ ਵਿਸ਼ੇਸ਼ ਤੌਰ 'ਤੇ ਜਾਇਜ਼ਾ ਲੈਣ ਲਈ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪੁੱਜੇ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਕੈਬਨਿਟ ਮੰਤਰੀ ਨੇ ਪਰਿਵਾਰ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਸਰਕਾਰ ਤੁਹਾਡੇ ਨਾਲ ਖੜੀ ਹੈ ਅਤੇ ਤੁਹਾਡੇ ਨੁਕਸਾਨ ਦੀ ਜੋ ਭਰਪਾਈ ਹੋ ਸਕੇਗੀ ਉਹ ਪਹਿਲ ਦੇ ਆਧਾਰ 'ਤੇ ਕੀਤੀ ਜਾਵੇਗੀ। ਸ: ਧਾਲੀਵਾਲ ਨੇ ਮੌਕੇ 'ਤੇ ਮੌਜੂਦ ਤਹਿਸੀਲਦਾਰ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਅੱਗ ਲੱਗਣ ਨਾਲ ਹੋਏ ਨੁਕਸਾਨ ਦਾ ਐਸਟੀਮੇਟ ਤਿਆਰ ਕਰਕੇ ਸਰਕਾਰ ਨੂੰ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਰਾਹਤ ਫੰਡਜ਼ ਵਿਚੋਂ ਇਸ ਪਰਿਵਾਰ ਦੀ ਮਦਦ ਕਰਵਾਉਣਗੇ।

ਸਿੱਖ ਕੌਮ ਵਿਰੁੱਧ ਗਿਣੀ-ਮਿਥੀ ਸਾਜ਼ਿਸ਼ ਤਹਿਤ ਮੀਡੀਆ ਵੱਲੋਂ ਗਲਤ ਪ੍ਰਚਾਰ ਹੋ ਰਿਹਾ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਦੇਸ਼ ਵਿਦੇਸ਼ ਵਿੱਚ ਸਿੱਖਾਂ ਪ੍ਰਤੀ ਸਿਰਜਿਆ ਮਾਹੌਲ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਭਾਰਤ, ਕੈਨੇਡਾ ਅਤੇ ਇੰਗਲੈਂਡ ਦੇ ਆਪਸੀ ਸਬੰਧਾਂ ਦਰਮਿਆਨ ਆਈ ਖਟਾਸ ਨੂੰ ਲੈ ਕੇ ਸਮੁੱਚੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਉਂਦਿਆਂ ਮੀਡੀਏ ਵੱਲੋਂ ਗਲਤ ਤਰੀਕੇ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ ਜੋ ਬਹੁਤ ਹੀ ਖਤਰਨਾਕ ਰੁਝਾਨ ਹੈ। ਇਸ ਕਿਸਮ ਦੇ ਵਰਤਾਰੇ ਕਾਰਨ ਜੋ ਸਿੱਖਾਂ ਦੀ ਦਿਖ ਪੇਸ਼ ਹੋ ਰਹੀ ਹੈ ਇਸ ਕਾਰਨ ਸਿੱਖਾਂ ਨਾਲ ਕਈ ਥਾਵਾਂ ਤੇ ਵਧੀਕੀਆਂ ਹੋ ਰਹੀਆਂ ਹਨ। ਬਹੁਗਿਣਤੀ ਦੇ ਮਾੜੇ ਅਨਸਰਾਂ ਵੱਲੋਂ ਦਰਿੰਦਗੀ ਵਾਲਾ ਮਾਹੌਲ ਸਿਰਜਣ ਦੇ ਕੋਝੇ ਅਤੇ ਮੰਦਭਾਗੇ ਯਤਨ ਕੀਤੇ ਜਾ ਰਹੇ ਹਨ।

ਬੁੱਢਾ ਦਲ ਦੇ ਸਕੱਤਰ ਦਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈੱਸ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਾਉਣ, ਖੁਸ਼ਹਾਲ ਬਣਾਉਣ ਅਤੇ ਔਖੇ ਸਮੇਂ ਪਹਿਲੀ ਕਤਾਰ 'ਚ ਲੜਨ ਤੇ ਸੇਵਾ ਨਿਭਾਉਣ ਵਾਲੀ ਪਰਉਪਕਾਰੀ ਸਿੱਖ ਕੌਮ ਨਾਲ ਇਸ ਤਰ੍ਹਾਂ ਦਾ ਵਿਵਹਾਰ ਸਰਕਾਰਾਂ ਦੀ ਸ਼ਹਿ ਤੇ ਮੀਡੀਏ ਵੱਲੋਂ ਸਿਰਜਿਆ ਜਾ ਰਿਹਾ ਹੈ ਜੋ ਨਿਟਕ ਭਵਿੱਖ ਵਿੱਚ ਫਿਰਕਾਪ੍ਰਸਤੀ, ਮੌਕਾਪ੍ਰਸਤੀ, ਨਸਲਵਾਦ ਅਤੇ ਗੁੰਡਾਗਰਦੀ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਉਨ੍ਹਾਂ ਕਿਹਾ ਦੰਗੇ ਫਸਾਦ ਵਾਲਾ ਬਿਰਤਾਂਤ ਸਿਰਜ ਕੇ ਸਿੱਖਾਂ ਨੂੰ ਕੁੱਟਣ ਮਾਰਨ ਲੁੱਟਣ ਦੀ ਤਿਆਰੀ ਹੋ ਰਹੀ ਹੈ। ਵੱਖ-ਵੱਖ ਥਾਵਾਂ ਉਪਰ ਸਿੱਖਾਂ ਤੇ ਹਮਲੇ ਕਰਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਲੀਲ ਕਰਕੇ ਕੁੱਟਿਆ ਮਾਰਿਆ ਤੇ ਲੁੱਟਿਆ ਗਿਆ ਹੈ। ਸਿੱਖ ਹਿੰਦੋਸਤਾਨ ਦੇ ਵਾਸੀ ਹਨ ਇਨ੍ਹਾਂ ਨਾਲ ਵਿਤਕਰੇ ਵਾਲਾ ਵਤੀਰਾ ਅਪਨਾਉਣਾ ਅਫਸੋਸਜਨਕ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬਹੁਤ ਸਾਰੇ ਲੋਕ ਤੇ ਸਰਕਾਰਾਂ ਅੱਤਵਾਦੀ, ਵੱਖਵਾਦੀ ਆਤੰਕਵਾਦੀ ਲਫਜ਼ ਸਿੱਖਾਂ ਨਾਲ ਜੋੜੇ ਜਾ ਰਹੇ ਹਨ, ਸਿੱਖ ਨਾ ਤਾਂ ਅੱਤਵਾਦੀ ਨਾ ਵੱਖਵਾਦੀ ਤੇ ਨਾ ਹੀ ਆਤੰਕਵਾਦੀ ਹੈ, ਸਿੱਖ ਭਾਈਚਾਰਕ ਸਾਂਝ ਦਾ ਮੁਦੱਈ, ਦੂਜਿਆਂ ਦੀ ਰਾਖੀ ਕਰਨ ਵਾਲਾ, ਦੇਸ਼ ਤੋਂ ਕੁਰਬਾਨ ਹੋਣ ਵਾਲਾ ਤੇ ਸਰਬੱਤ ਦਾ ਭਲਾ ਮੰਗਣ ਵਾਲਾ ਹੈ।

ਉਨ੍ਹਾਂ ਕਿਹਾ ਕਿ ਹਿਦੋਸਤਾਨ ਨੂੰ ਲੁੱਟਣ ਅਤੇ ਬਹੁਬੇਟੀਆਂ ਜ਼ਬਰੀ ਚੁੱਕੇ ਕੇ ਗਜ਼ਨਵੀ ਦੇ ਬਜ਼ਾਰਾਂ ਵਿੱਚ ਟਕੇ ਟਕੇ ਤੇ ਵਿਕਣ ਤੋਂ ਬਚਾਉਣ ਵਾਲੇ ਤੇ ਮੁੜ ਉਨ੍ਹਾਂ ਨੂੰ ਸਤਿਕਾਰ ਨਾਲ ਘਰੋਂ ਘਰੀ ਪਹੁੰਚਾਉਣ ਵਾਲੇ ਬੁੱਢਾ ਦਲ ਦੇ ਮੁਖੀ ਸਿੱਖ ਆਗੂ ਹੀ ਸਨ। ਉਨ੍ਹਾਂ ਕਿਹਾ ਸਿੱਖ ਦੀ ਦਸਤਾਰ ਨਾਲ ਨਫਰਤ ਕਰਨ ਵਾਲਿਆਂ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਹਿੰਦੋਸਤਾਨ ਦੇ ਸਿਰ ਆਜ਼ਾਦੀ ਦੀ ਦਸਤਾਰ ਸਜਾਉਣ ਵਾਲਾ ਸਿੱਖ ਭਾਈਚਾਰਾ ਹੀ ਹੈ। ਉਨ੍ਹਾਂ ਸਮੁੱਚੇ ਮੀਡੀਆ ਹਾਊਸ ਤੇ ਇਸ ਦੇ ਪ੍ਰਾਈਵੇਟ ਸੈਕਟਰ ਨੂੰ ਅਪੀਲ ਕੀਤੀ ਹੈ ਕਿ ਇਤਿਹਾਸਕ ਤੱਥ ਤੇ ਸੱਚਾਈ ਜਾਨਣ ਤੋਂ ਬਗੈਰ ਹੀ ਕੋਈ ਅਜਿਹੀ ਖਬਰ ਨਾ ਦਿੱਤੀ ਜਾਵੇ ਜੋ ਕਿਸੇ ਕੌਮ ਤੇ ਭਾਈਚਾਰੇ ਦੇ ਅਕਸ ਨੂੰ ਸੱਟ ਮਾਰਦੀ ਹੋਵੇ। ਉਨ੍ਹਾਂ ਕਿਹਾ ਨਾ ਹੀ ਵਿਕਾਓ ਬਿਰਤੀ ਕਾਰਨ ਅਜਿਹੇ ਬਿਰਤਾਂਤ ਸਿਰਜੇ ਜਾਣ ਜਿਸ ਨਾਲ ਦੇਸ਼ ਦੀ ਅਖੰਡਤਾ ਨੂੰ ਕੋਈ ਆਂਚ ਪੁੱਜਦੀ ਹੋਵੇ।

ਰਾਹ ਜਾਂਦੀ ਔਰਤ ਤੋਂ ਲੁਟੇਰੇ ਆਈਫੋਨ ਖ਼ੋਹ ਕੇ ਫ਼ਰਾਰ

ਗੁਰਦਾਸਪੁਰ (ਜਨਕ ਮਹਾਜਨ)-ਜਿਲ੍ਹਾ ਗੁਰਦਾਸਪੁਰ ਅੰਦਰ ਆਏ ਦਿਨ ਚੋਰੀ ਦੀਆਂ ਵਾਰਦਾਤਾਂ ਸਾਹਮਣੇ ਆਉਂਦੀਆਂ ਰਹਿੰਦੀਆਂ। ਚੋਰਾਂ ਦੇ ਹੌਸਲੇ ਇੰਨੇ ਜ਼ਿਆਦਾ ਬੁਲੰਦ ਹਨ ਕਿ ਉਹ ਬਿਨਾਂ ਕਿਸੇ ਡਰ ਤੋਂ ਚੋਰੀ ਅਤੇ ਲੁੱਟਖੋਹ ਵਰਗੀਆਂ ਵਰਦਾਤਾਂ ਕਰ ਰਹੇ ਹਨ।

ਇਸੇ ਤਰ੍ਹਾਂ ਲੁੱਟਖੋਹ ਦਾ ਇਕ ਨਵਾਂ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਿੱਟੀ ਗੁਰਦਾਸਪੁਰ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਭੂਮਿਕਾ ਸ਼ਰਮਾ ਪੁੱਤਰੀ ਦਵਿੰਦਰ ਕੁਮਾਰ ਵਾਸੀ 457/23 ਨਿਊ ਸੰਤ ਨਗਰ ਗੁਰਦਾਸਪੁਰ ਨੇ ਦੱਸਿਆ ਕਿ ਮੈਂ ਮਿਤੀ 1.10.23 ਨੂੰ ਤਿੱਬੜੀ ਰੋਡ ਤੋਂ ਗੁਰਦਾਸਪੁਰ ਨੂੰ ਆ ਰਹੀ ਸੀ ਤਾਂ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਪਿੱਛੋਂ ਆਏ ਵਿਅਕਤੀ ਮੇਰੀ ਜੇਬ ਵਿਚੋਂ ਆਈ ਫੋਨ 12 ਪਰੋ ਕੱਢ ਕੇ ਭੱਜ ਗਏ। ਪੀੜਤ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਸਿਟੀ ਗੁਰਦਾਸਪੁਰ ਦੀ ਪੁਲਸ ਨੇ ਨਾ-ਮਲੂਮ ਵਿਅਕਤੀਆਂ ਖ਼ਿਲਾਫ਼ 379 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰ

4--Otc-PAGE- 12 qxd.qxd 10/3/2023 10:21 PM Page 1

ਮੁੱਖ ਮੰਤਰੀ ਵੱਲੋਂ ਚਮਕੌਰ ਸਾਹਿਬ ਤੋਂ ਝੋਨੇ ਦੇ ਖਰੀਦ ਕਾਰਜਾਂ ਦੀ ਰਸਮੀ ਸ਼ੁਰੂਆਤ

ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੇਦੀ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚਮਕੌਰ ਸਾਹਿਬ ਦੀ ਅਨਾਜ ਮੰਡੀ ਤੋਂ ਸੂਬੇ ਵਿੱਚ ਝੋਨੇ ਦੇ ਖਰੀਦ ਕਾਰਜਾਂ ਦੀ ਸ਼ੁਰੂਆਤ ਰਸਮੀ ਤੌਰ 'ਤੇ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਇਕ ਅਕਤੂਬਰ ਤੋਂ ਸ਼ੁਰੂ ਹੋਏ ਸਾਉਣੀ ਮੰਡੀਕਰਨ ਸੀਜ਼ਨ ਦੌਰਾਨ ਨਿਰਵਘਿਨ ਖਰੀਦ ਨੂੰ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਅਸੀਂ ਕਿਸਾਨਾਂ ਦੀ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹਾਂ ਅਤੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਝੋਨੇ ਦੀ ਖਰੀਦ ਦੇ ਪਹਿਲੇ ਦਿਨ ਹੀ ਫਸਲ ਦੀ ਲਿਫਟਿੰਗ ਸ਼ੁਰੂ ਹੋ ਚੁੱਕੀ ਹੈ ਜੋ ਆਪਣੇ ਆਪ ਵਿੱਚ ਰਿਕਾਰਡ ਹੈ।"ਮੁੱਖ ਮੰਤਰੀ ਨੇ ਕਿਹਾ ਕਿ ਖਰੀਦ, ਲਿਫਟਿੰਗ ਅਤੇ ਅਦਾਇਗੀ ਉਸੇ ਦਿਨ ਕੀਤੀ ਜਾਵੇਗੀ ਅਤੇ ਇਸ ਸਮੁੱਚੀ ਪ੍ਰਕਿਰਿਆ ਨੂੰ ਡਿਜੀਟਲ ਵਿਧੀ ਨਾਲ ਕਾਰਜਸ਼ੀਲ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇੱਕ ਬਟਨ ਦਬਾ ਕੇ ਡਿਜੀਟਲ ਢੰਗ ਨਾਲ ਭੁਗਤਾਨ ਕਰਨ ਦੀ ਪਹਿਲ ਦੀ ਸ਼ੁਰੂਆਤ ਕਰਦੇ ਹੋਏ ਇੱਕ ਕਿਸਾਨ ਨੂੰ ਝੋਨੇ ਦੀ ਅਦਾਇਗੀ ਟ੍ਰਾਂਸਫਰ ਕੀਤੀ। ਕਿਸਾਨਾਂ ਨੂੰ ਪੂਸਾ-44 ਅਤੇ ਝੋਨੇ ਦੀਆਂ ਹੋਰ ਸਬੰਧਤ ਕਿਸਮਾਂ ਦੀ ਕਾਸ਼ਤ ਬੰਦ ਕਰਨ ਦੀ ਅਪੀਲ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਕਿਸਮਾਂ ਦੀ ਕਾਸ਼ਤ ਬੰਦ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਅਗਲੇ ਸੀਜ਼ਨ ਤੋਂ ਇਨ੍ਹਾਂ ਕਿਸਮਾਂ 'ਤੇ ਪਾਬੰਦੀ ਲਾਉਣ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੀ ਵੱਧ ਖਪਤ ਵਾਲੀਆਂ ਇਹ ਕਿਸਮਾਂ ਵਾਢੀ ਲਈ ਵੀ ਵੱਧ ਸਮਾਂ ਲੈਂਦੀਆਂ ਹਨ ਅਤੇ ਬਹੁਤ ਪਰਾਲੀ ਪੈਦਾ ਕਰਦੀਆਂ ਹਨ। ਮਾਨ ਨੇ ਕਿਹਾ ਕਿ ਟਰੱਕਾਂ ਵਿੱਚ ਜੀ.ਪੀ.ਐਸ. ਵਰਗੀਆਂ ਅਤਿ-ਆਧੁਨਿਕ ਤਕਨੀਕਾਂ ਦੀ ਵਰਤੋਂ ਨਾਲ ਲਿਫਟਿੰਗ ਦੀ ਸਮੱਸਿਆ ਹੱਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਿਯਮਾਂ ਵਿੱਚ ਢਿੱਲ ਦੇਣ ਤੋਂ ਬਾਅਦ 654 ਨਵੇਂ ਸ਼ੈਲਰਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਸਾਉਣੀ ਮੰਡੀਕਰਨ ਸੀਜ਼ਨ, 2023-24 ਲਈ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2203 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੀਆਂ ਚਾਰ ਖਰੀਦ ਏਜੰਸੀਆਂ ਪਨਗ੍ਰੇਨ, ਮਾਰਕਫੈੱਡ, ਪਨਸਪ ਅਤੇ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ, ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦੇ ਨਾਲ ਮਿਲ ਕੇ ਭਾਰਤ ਸਰਕਾਰ ਦੁਆਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨੇ ਦੀ ਖਰੀਦ ਕਰ ਰਹੀਆਂ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ 1854 ਖਰੀਦ ਕੇਂਦਰ ਨੋਟੀਫਾਈ ਕਰਕੇ ਸਰਕਾਰੀ ਖਰੀਦ ਏਜੰਸੀਆਂ ਨੂੰ ਅਲਾਟ ਕੀਤੇ ਗਏ।

ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਦਾ ਸਨਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜਟਾਂ ਕੋਹਿਨੂਰ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਸਾਬਕਾ ਸਪੈਸ਼ਲ ਸਕੱਤਰ ਪੰਜਾਬ ਹਿਮਾਚਲ ਜੰਮੂ-ਕਸ਼ਮੀਰ ਨੂੰ ਉਹਨਾਂ ਵੱਲੋਂ 1999 ਤੋਂ ਲਾਇਨਜ ਕਲੱਬ ਇੰਟਰਨੈਸ਼ਨਲ ਦੇ ਝੰਡੇ ਹੇਠ ਨਿਭਾਈਆਂ ਜਾ ਰਹੀਆਂ ਵੱਡਮੁਲੀਆਂ ਸੇਵਾਵਾ ਦੇ ਸਿਲਵਰ ਜੁਬਲੀ ਵਰ੍ਹੇਗੰਢ ਸਮੇਂ ਲਾਇਨਜ ਕਲੱਬ ਹੁਸ਼ਿਆਰਪੁਰ ਦੇ ਜੋਨ ਚੇਅਰਮੈਨ ਲਾਇਨ ਐੱਸ ਪੀ ਜਖੂ, ਲਾਇਨ ਕਲੱਬ ਹੁਸ਼ਿਆਰਪੁਰ ਸਮਰਪਣ ਦੇ ਪ੍ਰਧਾਨ ਐਮ ਪੀ ਸਿੰਘ ਸਿੱਧੂ, ਚੌਧਰੀ ਮੁਖੀ ਰਾਮ ਕੌਂਸਲਰ ਹੁਸ਼ਿਆਰਪੁਰ, ਕੁਲਵਿੰਦਰ ਸਿੰਘ ਰਮਨ ਨਿਊਜ਼ੀਲੈਂਡ, ਅਸ਼ੋਕ ਕੁਮਾਰ ਅਰੋੜਾ ਖਨੌੜਾ, ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਸਕੱਤਰ ਲਾਇਨਜ ਕਲੱਬ ਰਿਹਾਣਾ ਜਟਾਂ ਕੋਹਿਨੂਰ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਲਾਕੇ ਦੇ ਅਗਾਂਹ ਵਧੂ ਪਤਵੰਤਿਆ ਵੱਲੋਂ, ਉਪਰੋਕਤ ਸਖਸ਼ੀਅਤਾਂ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ ਜਾ ਰਹੀ ਹੈ।

12ਵਾਂ ਮਹਾਨ ਕੀਰਤਨ ਦਰਬਾਰ ਕਰਵਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬੱਡਲਾ ਵਿਖੇ ਸਿੰਘ ਲੈਂਡ ਯੂਥ ਕਲੱਬ ਬੱਡਲਾ, ਐਨ ਆਰ ਆਈ ਵੀਰ, ਸਮੂਹ ਸਾਧ ਸੰਗਤ ਵੱਲੋਂ ਸਿੱਖ ਪੰਥ ਦੇ ਸਮੂਹ ਸਹੀਦਾਂ ਦੀ ਯਾਦ ਨੂੰ ਸਮਰਪਿਤ ਸਾਲਾਨਾ 12ਵਾਂ ਮਹਾਨ ਕੀਰਤਨ ਦਰਬਾਰ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।

ਇਸ ਮੌਕੇ ਬਾਬਾ ਬੂਟਾ ਸਿੰਘ ਬੱਡਲਾ ਨੇ ਦੱਸਿਆ ਕਿ ਸਾਲਾਨਾ 12ਵੇਂ ਮਹਾਨ ਕੀਰਤਨ ਦਰਬਾਰ ਦੌਰਾਨ ਸੰਤ ਬਾਬਾ ਮਨਜਿੰਦਰ ਸਿੰਘ ਰਾਏਪੁਰ, ਭਾਈ ਮਹਿਤਾਬ ਸਿੰਘ ਜਲੰਧਰ, ਭਾਈ ਰਾਜਵਿੰਦਰ ਸਿੰਘ ਖਾਲਸਾ ਢਾਡੀ ਜੱਥਾ, ਭਾਈ ਚੜ੍ਹਤ ਸਿੰਘ, ਬੀਬੀ ਰਵਿੰਦਰ ਕੌਰ ਖਾਲਸਾ ਬੱਡਲਾ ਆਦਿ ਕਥਾ ਕੀਰਤਨ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਲਾਨਾ ਮਹਾਨ ਕੀਰਤਨ ਦਰਬਾਰ 'ਚ ਮਹੰਤ ਅਜੈ ਰਾਮ ਦਾਸ ਬੱਡਲਾ, ਬਾਬਾ ਸੋਨੂੰ ਸਾਹ ਬੱਡਲਾ, ਬਾਬਾ ਮਦਨ ਸ਼ਾਹ ਬੱਡਲਾ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਗੁਰੂ ਘਰ ਦੀ ਹਾਜ਼ਰੀ ਭਰੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਰਾਗੀ, ਢਾਡੀ, ਸੰਤ ਮਹਾਂਪੁਰਸਾਂ ਅਤੇ

ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਬਾਬਾ ਬੂਟਾ ਸਿੰਘ ਬੱਡਲਾ, ਗੁਰਦੀਪ ਸਿੰਘ ਦੀਪਾ, ਲਾਲ ਸਿੰਘ, ਜਸਵਿੰਦਰ ਸਿੰਘ ਪਠਾਨੀਆਂ ਪੰਚ, ਧਨਜੀਤ ਸਿੰਘ, ਹਰਜੀਤ ਸਿੰਘ ਸੋਨੀ, ਪ੍ਰਗਟ ਸਿੰਘ, ਸੁਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਹਰਨੇਕ ਸਿੰਘ, ਬਿੱਟੂ ਭਿੰਡਰ, ਜਤਿੰਦਰ ਵੀਰ ਗਿੱਲ, ਜਤਿੰਦਰ ਸਿੰਘ ਰਾਣਾ ਮੁੱਖਲਿਆਣਾ, ਕੁਲਦੀਪ ਸੈਣੀ, ਹਰਕਮਲ ਸਿੰਘ ਆਦਿ ਹਾਜ਼ਰ ਸਨ।

ਸਕੂਲ ਦੀ ਅੱਧੀ ਅਧੂਰੀ ਇਮਾਰਤ ਨੂੰ ਲੈ ਕੇ ਧਰਨਾ

ਨੂਰਮਹਿਲ(ਬਾਲ ਕ੍ਰਿਸ਼ਨ ਬਾਲੀ)-ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਸਰਕਲ ਪ੍ਰਧਾਨ ਰਛਪਾਲ ਸਿੰਘ ਗਰਚਾ ਪਿੰਡ ਸਾਦੀਪੁਰ ਦੀ ਅਗਵਾਈ ਵਿੱਚ ਕਿਸਾਨਾਂ ਦਾ ਜਥਾ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅੱਧੀ ਅਧੂਰੀ ਇਮਾਰਤ ਨੂੰ ਪੂਰੀ ਇਮਾਰਤ ਬਣਾਉਣ ਦੇ ਸਬੰਧ ਵਿੱਚ ਸਰਕਾਰੀ ਸਕੂਲ ਬਚਾਓ ਮੋਰਚਾ ਦੇ ਕਨਵੀਨਰ, ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਤੇ ਲੰਬੜਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਦੇ ਹੱਕ ਵਿੱਚ ਧਰਨਾ ਦਿੱਤਾ। ਇਸ ਲਗਾਤਾਰ ਚੱਲ ਰਹੇ ਧਰਨੇ ਵਿੱਚ ਸੀਨੀਅਰ ਮੀਤ ਪ੍ਰਧਾਨ, ਪ੍ਰਦੀਪ ਸਿੰਘ ਤੱਖਰ ਨੇ ਕਿਹਾ ਕਿ ਧਰਨਾ ਅੱਜ 23 ਵੇਂ ਦਿਨ 'ਚ ਦਾਖਲ ਹੋ ਗਿਆ ਹੈ ਪਰ ਅਫਸੋਸ ਦੀ ਗੱਲ ਹੈ ਕਿ ਹਲਕਾ ਨਕੋਦਰ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਨੇ ਧਰਨਾਕਾਰੀਆਂ ਦੀ ਸਾਰ ਨਹੀਂ ਲਈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਸਕੂਲ ਵੱਲ ਧਿਆਨ ਦਿੱਤਾ ਜਾਵੇ। ਇਸ ਸਮੇਂ ਇੰਦਰਜੀਤ ਸਿੰਘ, ਰਣਜੀਤ ਸਿੰਘ, ਗੁਰਦਿਆਲ ਸਿੰਘ, ਸੁਖਵਿੰਦਰ ਸਿੰਘ, ਗੁਰਜਿੰਦਰ ਸਿੰਘ, ਬਲਜੀਤ ਸਿੰਘ ਕੰਦੋਲਾ, ਸੁਖਦੀਪ ਸਿੰਘ ਕੰਦੋਲਾ, ਸੁਰਜੀਤ ਸਿੰਘ, ਬਲਦੀਪ ਸਿੰਘ, ਲਖਵੀਰ ਸਿੰਘ, ਬਖਸੀ ਰਾਮ, ਕੁਲਵਿੰਦਰ ਸਿੰਘ ਉੱਪਲ , ਆਦਿ ਨੇ ਵੀ ਮੋਰਚੇ ਦੀ ਹਮਾਇਤ ਕੀਤੀ। ਇਸ ਮੌਕੇ ਦਿੱਲੀ ਸੰਯੁਕਤ ਮੋਰਚੇ ਦੌਰਾਨ ਲਖੀਮਪੁਰ ਵਿਖੇ ਮਾਰੇ ਗਏ 4 ਕਿਸਾਨਾਂ ਅਤੇ ਇੱਕ ਪੱਤਰਕਾਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਸ਼ਰਧਾਂਜਲੀ ਦਿੱਤੀ।

ਇਨਕਲਾਬੀ ਦੇਸ਼ ਭਗਤਾਂ ਦੀ ਯਾਦ 'ਚ ਨਾਟਕ ਮੇਲਾ

ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਥਾਨਕ ਖੋਖਾ ਮਾਰਕੀਟ ਵਿਖੇ ਖ਼ੇਤਰ ਦੇ ਨਾਮਵਰ ਇਨਕਲਾਬੀ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਦੀ ਯਾਦ ਅਤੇ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਨਾਟਕਾਂ ਭਰੀ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ 'ਚ ਮੁੱਖ ਬੁਲਾਰੇ ਵਜੋਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਟਰੱਸਟੀ ਅਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਕੌਮੀ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਸ਼ਿਰਕਤ ਕੀਤੀ। ਸਾਥੀ ਪਾਸਲਾ ਨੇ ਕਿਹਾ ਕਿ ਨਫ਼ਰਤ ਦੀ ਸਿਆਸਤ ਦੇਸ਼ ਨੂੰ ਤਬਾਹੀ ਵੱਲ ਲੈ ਜਾਵੇਗੀ। ਅੱਜ 12 ਫੀਸਦੀ ਲੋਕਾਂ ਤੋਂ ਦੇਸ਼ ਦੀ ਬਹੁਗਿਣਤੀ ਅਬਾਦੀ ਨੂੰ ਖਤਰਾ ਦੱਸ ਕੇ ਲੋਕਾਂ 'ਚ ਖੌਫ਼ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਔਰਤਾਂ, ਦਲਿਤਾਂ, ਆਦਿਵਾਸੀਆਂ 'ਤੇ ਲਗਾਤਾਰ ਅੱਤਿਆਚਾਰ ਵਧੇ ਹਨ। ਮਨੀਪੁਰ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਔਰਤਾਂ ਖ਼ਿਲਾਫ਼ ਅੱਤਿਆਚਾਰ ਦੀਆਂ ਆ ਰਹੀਆਂ ਖ਼ਬਰਾਂ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ, ਆਰ ਐਸ ਐਸ ਸੇਧਿਤ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਵੱਲੋਂ ਸ਼ੁਰੂ ਕੀਤੀ ਧਰਮ ਦੀ ਰਾਜਨੀਤੀ ਨੇ ਲੋਕ ਮਨਾਂ 'ਚ ਇੱਕ ਦੂਜੇ ਖ਼ਿਲਾਫ਼ ਨਫ਼ਰਤ ਪੈਦਾ ਕਰ ਦਿੱਤੀ ਹੈ। ਜਦਕਿ ਲੋਕ ਮਸਲੇ ਗਾਇਬ ਹਨ। ਉਨ੍ਹਾਂ ਲੋਕਾਂ ਨੂੰ ਇਸ ਨਫ਼ਰਤ ਦੀ ਰਾਜਨੀਤੀ ਖ਼ਿਲਾਫ਼ ਡੱਟਣ ਅਤੇ ਆਪਸੀ ਭਾਈਚਾਰਕ ਸਾਂਝ ਬਰਕਰਾਰ ਰੱਖਣ ਦੀ ਅਪੀਲ ਕੀਤੀ। ਸਥਾਨਕ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ, ਤਲਵਾੜਾ ਵੱਲੋਂ ਕਰਵਾਏ ਨਾਟਕ ਮੇਲੇ 'ਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦਾਖਾ ਦੀ ਨਾਟਕ ਮੰਡਲੀ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਭਗਤ ਸਿੰਘ ਦੇ ਵਿਚਾਰਧਾਰਾ 'ਤੇ ਆਧਾਰਿਤ ਨਾਟਕ 'ਵਿਦਰੋਹੀ' ਅਤੇ ਅਜੋਕੇ ਵਿਕਾਸ ਮਾਡਲ ਕਾਰਨ ਪਲੀਤ ਹੋ ਰਹੇ ਵਾਤਾਵਰਣ 'ਤੇ ਚੋਟ ਕਰਦਾ ਨਾਟਕ ਮਾਤਾ ਧਰਤਿ ਮਹਤੁ ਸਫਲਤਾ ਪੂਰਵਕ ਖੇਡਿਆ ਗਿਆ। ਇਸ ਮੌਕੇ ਇਨਕਲਾਬੀ ਲੋਕ ਗਾਇਕ ਜਗਸੀਰ ਜੀਦਾ ਨੇ ਆਪਣੇ ਵਿਅੰਗਮਈ ਅੰਦਾਜ਼ 'ਚ ਮੌਜੂਦਾ ਸਿਸਟਮ 'ਤੇ ਚੋਟ ਕਰਦੀਆਂ ਲੋਕ ਬੋਲੀਆਂ ਪੇਸ਼ ਕੀਤੀਆਂ ਅਤੇ ਲੋਕ ਮਸਲਿਆਂ ਨੂੰ ਉਭਾਰਿਆ। ਮੰਚ ਸੰਚਾਲਨ ਜਸਵੀਰ ਤਲਵਾੜਾ ਵੱਲੋਂ ਕੀਤਾ ਗਿਆ, ਸਿਹਤ ਸੁਵਿਧਾਵਾਂ ਲਈ ਲਗਾਤਾਰ ਜੱਦੋ ਜਹਿਦ ਕਰ ਰਹੀ ਸੰਸਥਾ ਪ੍ਰਤਿੱਗਿਆ ਇੱਕ ਸੋਚ ਦੇ ਸਰਪ੍ਰਸਤ ਨਰਿੰਦਰ ਪੁਰੀ ਅਤੇ ਸ਼ਿਵਮ ਬਖ਼ਸ਼ੀ ਨੂੰ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।

ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ

ਭੋਗਪੁਰ। (ਕੁਲਵੀਰ ਸਿੰਘ ਕਾਹਲੋ): ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਟ੍ਰੈਫਿਕ ਨਾਲ ਸਬੰਧਤ ਇਕ ਸੈਮੀਨਾਰ ਦਾ ਆਯੋਜਨ ਕਰਵਾਇਆ ਗਿਆ। ਜਿਸ 'ਚ ਮੀਨਾ ਕੁਮਾਰੀ ਪਵਾਰ ਅਤੇ ਸੁਖਜਿੰਦਰ ਸਿੰਘ ਨੇ ਸ਼ਿਰਕਤ ਕੀਤੀ। ਉਹਨਾ ਨੇ ਬੱਚਿਆ ਨੂੰ ਟ੍ਰੈਫਿਕ ਨਿਯਮਾ ਸੰਬੰਧੀ ਜਾਣਕਾਰੀ ਦਿੱਤੀ। ਅਧਿਆਪਕਾਂ ਨੇ ਬੱਚਿਆ ਨੂੰ ਕਿਹਾ ਕਿ ਕਾਨੂੰਨ ਅਨੁਸਾਰ ਚੱਲੋ ਕਿਉਂਕਿ ਇਹ ਸਾਡਾ ਦੋਸਤ ਹੈ ਦੁਸ਼ਮਣ ਨਹੀਂ ਇਸ ਉਪਰੰਤ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਨੇ ਉਹਨਾ ਦਾ ਨਿੱਘਾ ਸਵਾਗਤ ਕੀਤਾ ਅਤੇ ਜੀ ਆਇਆਂ ਕਿਹਾ ਅਤੇ ਉਹਨਾ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

ਮੇਹਰ ਚੰਦ ਪਾਲੀਟੈਕਨਿਕ ਕਾਲਜ ਨੇ ਡਲਹੌਜੀ ਵਿਖੇ ਸਰਵੇ ਕੈਂਪ ਲਾਇਆ

ਜਲੰਧਰ (ਸ਼ੈਲੀ ਐਲਬਰਟ) ਮੇਹਰ ਚੰਦ ਪਾਲੀਟੈਕਨਿਕ ਕਾਲਜ ਜਲੰਧਰ ਦੇ ਸਿਵਲ ਵਿਭਾਗ ਦੇ ਵਿਦਿਆਰਥੀਆਂ ਨੇ ਡਲਹੌਜ਼ੀ ਦੇ ਯੂਥ ਹੋਸਟਲ ਵਿਖੇ 10 ਰੋਜ਼ਾ ਸਰਵੇ ਕੈਂਪ ਲਗਾਇਆ। ਕੈਂਪ ਦੀ ਸਮਾਪਤੀ 'ਤੇ ਵਿਦਿਆਰਥੀਆਂ ਵੱਲੋਂ ਆਪਣੀਆਂ ਬਣਾਈਆਂ ਹੋਈਆਂ ਟੋਪੋਗ੍ਰਾਫਿਕ ਸ਼ੀਟਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਕੈਂਪ ਫਾਇਰ ਪ੍ਰੋਗਰਾਮ 'ਚ ਐਨ.ਐਚ.ਪੀ.ਸੀ. ਦੇ ਐਗਜ਼ੀਕਿਊਟਿਵ ਡਾਇਰੈਕਟਰ ਅਸ਼ੋਕ ਕੁਮਾਰ ਮੁੱਖ ਮਹਿਮਾਨ ਦੇ ਤੌਰ 'ਤੇ ਪਧਾਰੇ ਅਤੇ ਪ੍ਰਿੰਸੀਪਲ ਡਾ. ਜਗਰੂਪ ਸਿੰਘ , ਸ੍ਰੀਮਤੀ ਅਰਵਿੰਦਰ ਕੌਰ ਅਤੇ ਮੁਖੀ ਵਿਭਾਗ ਡਾ. ਰਾਜੀਵ ਭਾਟੀਆ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ।

ਇਹ ਕੈਂਪ ਪ੍ਰੋ: ਅਮਿਤ ਖੰਨਾ ਅਤੇ ਪ੍ਰੋ: ਕਨਵ ਮਹਾਜਨ ਦੇ ਦੇਖ ਰੇਖ ਵਿੱਚ ਲਗਾਇਆ ਗਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਅਤੇ ਕਾਲਜ ਦੀਆਂ ਉਪਲੱਬਧੀਆਂ ਸੰਬੰਧੀ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਨੇ ਕਿਹਾ ਕਿ ਕੈਂ